ਲੋਕ ਵੇਦ

# ਗਾਉਂਦਾ ਪੰਜਾਬ

(ਮਲਵਈ ਟੱਪੇ)

ਸੁਖਦੇਵ ਮਾਦਪੁਰੀ



# ਗਾਉਂਦਾ ਪੰਜਾਬ

*ਇਸੇ ਕਲਮ ਤੋਂ*

- **ਲੋਕ ਗੀਤ :**
ਗਾਉਂਦਾ ਪੰਜਾਬ (1959), ਫੁੱਲਾਂ ਭਰੀ ਚੰਗੇਰ (1979), ਖੰਡ ਮਿਸ਼ਰੀ ਦੀਆਂ ਡਲ਼ੀਆਂ (2003), ਲੋਕ ਗੀਤਾਂ ਦੀ ਸਮਾਜਿਕ ਵਿਆਖਿਆ (2003), ਨੈਣੀਂ ਨੀਂਦ ਨਾ ਆਵੇ (2004), ਕਿੱਕਲੀ ਕਲੀਰ ਦੀ (2008), ਸ਼ਾਵਾ ਨੀ ਬੰਬੀਹਾ ਬੋਲੇ (2008), ਬੋਲੀਆਂ ਦਾ ਪਾਵਾਂ ਬੰਗਲਾ (2009), ਕੱਲਰ ਦੀਵਾ ਮੱਚਦਾ (2010), ਲੋਕ ਗੀਤਾਂ ਦੀਆਂ ਕੂਲ੍ਹਾਂ—ਸ਼ਗਨਾਂ ਦੇ ਗੀਤ (2012)

- **ਲੋਕ ਕਹਾਣੀਆਂ**
ਜ਼ਰੀ ਦਾ ਟੋਟਾ (1957), ਨੈਣਾਂ ਦੇ ਵਣਜਾਰੇ (1962), ਭਾਰਤੀ ਲੋਕ ਕਹਾਣੀਆਂ (1991), ਬਾਤਾਂ ਦੇਸ ਪੰਜਾਬ ਦੀਆਂ (2003), ਦੇਸ ਪ੍ਰਦੇਸ਼ ਦੀਆਂ ਲੋਕ ਕਹਾਣੀਆਂ (2006), ਜਿਨ੍ਹਾਂ ਵਣਜ ਦਿਲਾਂ ਦੇ ਕੀਤੇ (2013)

- **ਲੋਕ ਬੁਝਾਰਤਾਂ :**
ਲੋਕ ਬੁਝਾਰਤਾਂ (1956), ਪੰਜਾਬੀ ਬੁਝਾਰਤਾਂ (1979), ਪੰਜਾਬੀ ਬੁਝਾਰਤ ਕੋਸ਼ (2007)

- **ਪੰਜਾਬੀ ਸਭਿਆਚਾਰ :**
ਪੰਜਾਬ ਦੀਆਂ ਲੋਕ ਖੇਡਾਂ (1976), ਆਓ ਨੱਚੀਏ (1995), ਮਹਿਕ ਪੰਜਾਬ ਦੀ (2004), ਪੰਜਾਬ ਦੇ ਲੋਕ ਨਾਇਕ (2005), ਪੰਜਾਬ ਦੀਆਂ ਵਿਰਾਸਤੀ ਖੇਡਾਂ (2005), ਪੰਜਾਬੀ ਸਭਿਆਚਾਰ ਦੀ ਆਰਸੀ (2006), ਲੋਕ ਸਿਆਣਪਾਂ (2007), ਵਿਰਾਸਤੀ ਮੇਲੇ ਤੇ ਤਿਉਹਾਰ (2013)

- **ਨਾਟਕ :**
ਪਰਾਇਆ ਧਨ (1962)

- **ਜੀਵਨੀ :**
ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ (1995)

- **ਬਾਲ ਸਾਹਿਤ**
ਜਾਦੂ ਦਾ ਸ਼ੀਸ਼ਾ (1962), ਕੇਸੂ ਦੇ ਫੁੱਲ (1962), ਸੋਨੇ ਦਾ ਬੱਕਰਾ (1962), ਬਾਲ ਕਹਾਣੀਆਂ (1992), ਆਓ ਗਾਈਏ (1992), ਮਹਾਂਬਲੀ ਰਣਜੀਤ ਸਿੰਘ (1995), ਨੇਕੀ ਦਾ ਫ਼ਲ (1995)

- **ਅਨੁਵਾਦ :**
ਵਰਖਾ ਦੀ ਉਡੀਕ (1993), ਟੋਡਾ ਤੇ ਟਾਹਰ (1994), ਤਿਤਲੀ ਤੇ ਸੂਰਜਮੁਖੀਆਂ (1994)

ਲੋਕ ਵੇਦ

# ਗਾਉਂਦਾ ਪੰਜਾਬ

(ਮਲਵਈ ਟੱਪੇ)

ਸੁਖਦੇਵ ਮਾਦਪੁਰੀ

An Anthology of Punjabi Folk Songs
(Gidhe Dian Bolian)

ISBN : 978-93-5068-576-1
Price : 300/-

**Gaunda Punjab**

*Compiled & Edited by*

**Sukhdev Madpuri**
#2, St. 9, Smadh Road
Khanna Distt. Ludhiana-141401
Ph : 01628-224704, 094630 34472

2014
Lokgeet Parkashan
S.C.O. 26-27. Sector 34 A. Chandigarh-160022
India
Ph. +91-172-5077427. 5077428
email : lokgeetparkashan@gmail.com
Printed & bound at Unistar Books Pvt. Ltd.
301. Industrial Area, Phase-9.
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2014 Sukhdev Madpuri*
*Produced and bound in India*

ਪੰਜਾਬ ਦੀ

ਲੋਕ ਆਤਮਾ ਨੂੰ

ਜਿਸ ਦੀ ਇਹ ਦੇਣ ਹਨ

ਅਮਲਾਂ ਤੇ ਹੋਣਗੇ ਨਬੇੜੇ
ਜ਼ਾਤ ਕਿਸੇ ਪੁਛਣੀ ਨਹੀਂ

ਗੁੜ ਨਾਲ਼ੋਂ ਇਸ਼ਕ ਮਿੱਠਾ
ਰੱਬਾ ਲੱਗ ਨਾ ਕਿਸੇ ਨੂੰ ਜਾਵੇ

ਹੁਸਨ ਜੁਆਨੀ ਅਰ ਮਾਪੇ
ਤਿੰਨ ਰੰਗ ਨਹੀਂ ਲੱਭਣੇ

ਧੰਨ ਜੋਬਨ ਫੁੱਲਾਂ ਦੀਆਂ ਬਾੜੀਆਂ
ਸਦਾ ਨਾ ਆਬਾਦ ਰਹਿਣੀਆਂ

# ਤਰਤੀਬ


ਪ੍ਰਵੇਸ਼ 9

*ਮਿੱਟੀ ਦੀ ਮਹਿਕ* 21-56

ਲਈਏ ਗੁਰਾਂ ਦਾ ਨਾਂ 23

ਧਰਤੀ ਦੇ ਲਾਲ 31

ਫ਼ਸਲਾਂ 39

ਪਸ਼ੂ 45

ਪੰਛੀ 52

ਜੀਵ ਜੰਤੂ 55

*ਫੁੱਲ ਪਤਾਸੇ* 57-99

ਫੁਲ ਪਤਾਸੇ 59

ਖੰਡ-ਮਿਸ਼ਰੀ 61

ਗੁੜ ਨਾਲ਼ੋਂ ਇਸ਼ਕ ਮਿੱਠਾ 66

ਨਹੀਓਂ ਭੁੱਲਣਾ ਵਿਛੋੜਾ ਤੇਰਾ 78

ਹਾਰ ਸ਼ਿੰਗਾਰ 85

*ਅੰਗਲੀਆਂ-ਸੰਗਲੀਆਂ ਰਿਸ਼ਤੇ-ਨਾਤੇ* 101-134

ਬਾਬਲ-ਧੀ 103

ਵੀਰ ਮੇਰਾ ਪੱਟ ਦਾ ਲੱਛਾ 107

ਭੂਆ-ਭਤੀਜਾ 117

ਦਿਲ ਦਾ ਮਹਿਰਮ 118

| | |
|---|---|
| ਸੱਸ-ਸੁਪੱਤੀ | 124 |
| ਨਣਦ ਭਰਜਾਈ | 128 |
| ਜੇਠ ਜਠਾਣੀ | 130 |
| ਭਾਬੀਆਂ ਦਾ ਗਹਿਣਾ | 133 |
| *ਵੰਨ-ਸੁਵੰਨੀਆਂ* | 135-168 |
| ਰੱਬ ਦੇ ਪਰਾਹੁਣੇ | 137 |
| ਸਰਕਾਰੀ ਪਾਤਰ | 142 |
| ਰਾਜਨੀਤਕ ਪੱਖ | 144 |
| ਆਰਥਕ ਮੰਦਵਾੜਾ | 146 |
| ਸਤਨਾਜਾ | 150 |
| *ਅੰਤਿਕਾ* | 169 |
| ਸ਼ਬਦ-ਅਨੁਕ੍ਰਮਣਿਕਾ | |

*

# ਪ੍ਰਵੇਸ਼

ਗਿੱਧੇ ਦੀਆਂ ਬੋਲੀਆਂ ਪੰਜਾਬੀਆਂ ਦਾ ਸਭ ਤੋਂ ਵਧ ਹਰਮਨ ਪਿਆਰਾ ਲੋਕ-ਕਾਵਿ ਰੂਪ ਹੈ। ਗਿੱਧੇ ਦਾ ਨਾਂ ਸੁਣਦਿਆਂ ਹੀ ਪੰਜਾਬੀ ਗੁਲਾਬ ਦੇ ਫੁੱਲ ਵਾਂਗ ਖਿੜ ਜਾਂਦੇ ਹਨ ਤੇ ਉਨ੍ਹਾਂ ਦੇ ਸਰੀਰਾਂ ਵਿਚ ਮਸਤੀ ਦੀ ਲਹਿਰ ਦੌੜ ਜਾਂਦੀ ਹੈ। ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ ਜਿਸ ਨੇ ਗਿੱਧੇ ਦਾ ਰੰਗ ਨਾ ਮਾਣਿਆ ਹੋਵੇ। ਗਿੱਧਾ ਪੰਜਾਬੀਆਂ ਵਿਸ਼ੇਸ਼ ਕਰਕੇ ਪੰਜਾਬੀ ਮੁਟਿਆਰਾਂ ਦਾ ਹਰਮਨ ਪਿਆਰਾ ਲੋਕ ਨਾਚ ਹੈ, ਜੋ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਨੱਚਿਆ (ਪਾਇਆ) ਜਾ ਸਕਦਾ ਹੈ। ਗਿੱਧਾ ਪਾਉਣ ਸਮੇਂ ਕੇਵਲ ਨੱਚਿਆ ਹੀ ਨਹੀਂ ਜਾਂਦਾ ਬਲਕਿ ਮਨ ਦੇ ਹਾਵ-ਭਾਵ ਪ੍ਰਗਟਾਉਣ ਵਾਲ਼ੀਆਂ ਬੋਲੀਆਂ ਵੀ ਨਾਲ਼ੋ-ਨਾਲ਼ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਗਿੱਧੇ ਦੀਆਂ ਬੋਲੀਆਂ ਆਖਦੇ ਹਨ।

ਗਿੱਧੇ ਦੀਆਂ ਬੋਲੀਆਂ ਪੰਜਾਬੀ ਲੋਕ-ਕਾਵਿ ਦਾ ਪ੍ਰਮੁੱਖ ਅੰਗ ਹਨ, ਜੋ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੀਆਂ ਹਨ। ਇਹ ਦੋ ਪ੍ਰਕਾਰ ਦੀਆਂ ਹਨ—ਲੰਬੀਆਂ ਤੇ ਇਕ ਲੜੀਆਂ। ਇਕ ਲੜੀਆਂ ਬੋਲੀਆਂ ਨੂੰ ਮਲਵਈ ਟੱਪੇ ਵੀ ਆਖਦੇ ਹਨ। ਇਹ ਮਾਲਵਾ ਖੇਤਰ ਵਿਚ ਵਧੇਰੇ ਪ੍ਰਚਲਤ ਹਨ। ਲੰਬੀ ਬੋਲੀ ਨੂੰ ਅਖਾੜੇ ਵਿਚੋਂ ਨਿਕਲ ਕੇ ਇਕ ਜਣਾ ਲੰਬੀ ਬਾਂਹ ਕਰਕੇ ਉੱਚੀ ਸੁਰ ਵਿਚ ਪਾਉਂਦਾ ਹੈ ਤੇ ਬੋਲੀ ਦੀਆਂ ਅੰਤਲੀਆਂ ਦੋ ਲਾਈਨਾਂ ਜਿਨ੍ਹਾਂ ਨੂੰ ਅੰਤਰਾ ਕਹਿੰਦੇ ਹਨ, ਬਾਕੀ ਦੇ ਗਿੱਧਾ ਪਾਉਣ ਵਾਲ਼ੇ ਚੁੱਕ ਕੇ ਤਾੜੀਆਂ ਦੇ ਤਾਲ ਨਾਲ਼ ਉੱਚੀ ਸੁਰ ਵਿਚ ਗਾਉਂਦੇ ਹਨ। ਇਕ ਲੜੀਆਂ ਬੋਲੀਆਂ ਨੂੰ ਟੱਪੇ ਜਾਂ ਇਕ ਤੁਕੀਆਂ ਬੋਲੀਆਂ ਵੀ ਆਖਦੇ ਹਨ। ਡਾ. ਆਤਮ ਹਮਰਾਹੀ ਅਨੁਸਾਰ : "ਸੰਸਾਰ ਕਾਵਿ ਵਿਚ ਛੋਟੀ ਅਨੂਪਮ ਤੇ ਸੰਪੂਰਨ ਕਵਿਤਾ ਦੇ ਪੰਜ ਰੂਪ ਹਨ—ਗ਼ਜ਼ਲ ਦਾ ਸ਼ਿਅਰ, ਅੰਗਰੇਜ਼ੀ ਦਾ ਕਪਲੈਟ, ਪਿੰਗਲ ਦਾ ਦੋਹਰਾ-ਸੋਰਠਾ, ਮਲਵਈ ਟੱਪੇ ਅਤੇ ਜਾਪਾਨੀ ਹਾਇਕੂ। ਮਲਵਈ ਟੱਪੇ ਆਪਣੀ ਕਾਵਿ-ਸਮੱਗਰੀ ਦੀ ਅਨੂਪਮਤਾ ਕਾਰਨ ਸੰਸਾਰ ਭਰ ਦੀ ਉੱਤਮ ਕਾਵਿ-ਪ੍ਰਾਪਤੀ ਹਨ।"*

ਅਲੰਕਾਰਾਂ, ਉਪਮਾਵਾਂ ਅਤੇ ਨਾਜ਼ਕ ਖ਼ਿਆਲੀ ਨਾਲ਼ ਗਲੇਫੀਆਂ ਗਿੱਧੇ ਦੀਆਂ ਇਹ ਬੋਲੀਆਂ ਪੰਜਾਬੀ ਲੋਕ-ਕਾਵਿ ਦਾ ਸਰਬੋਤਮ ਰੂਪ ਹਨ, ਜਿਸ ਸਦਕਾ ਇਨ੍ਹਾਂ ਦਾ ਪੰਜਾਬੀ ਲੋਕ ਸਾਹਿਤ ਵਿਚ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ। ਲੋਕ ਸਾਹਿਤ ਦੇ ਹੋਰਨਾਂ ਰੂਪਾਂ ਵਾਂਗ ਬੋਲੀਆਂ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਰਚਨਾ ਨਹੀਂ ਹੁੰਦੀਆਂ ਬਲਕਿ ਸਮੂਹਕ ਰੂਪ ਵਿਚ ਪਾਈ ਸਾਂਝੀ ਮਿਹਨਤ ਦਾ ਸਿੱਟਾ ਹਨ ਜਿਸ ਕਰਕੇ ਇਹ

---

* ਸੁਖਦੇਵ ਮਾਦਪੁਰੀ, 'ਖੰਡ ਮਿਸ਼ਰੀ ਦੀਆਂ ਡਲ਼ੀਆਂ', ਪੰਨਾ 15.

ਐਨੀ ਸਰਲਤਾ ਭਰਪੂਰ ਰਚਨਾ ਬਣ ਗਈਆਂ ਹਨ ਅਤੇ ਸਦੀਆਂ ਦਾ ਪੈਂਡਾ ਤੈਅ ਕਰਕੇ ਮੂੰਹੋਂ ਮੂੰਹੀ ਸਾਡੇ ਤੀਕ ਪੁੱਜੀਆਂ ਹਨ। ਇਨ੍ਹਾਂ ਦੇ ਰਚਨ-ਹਾਰਿਆਂ ਦੇ ਨਾਵਾਂ-ਥਾਵਾਂ ਦਾ ਵੀ ਕੋਈ ਥਹੁ-ਟਿਕਾਣਾ ਨਹੀਂ।

ਗਿੱਧੇ ਦੀਆਂ ਬੋਲੀਆਂ ਨੂੰ ਜੇਕਰ ਪੰਜਾਬੀਆਂ ਦਾ 'ਲੋਕ ਵੇਦ' ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬ ਦੀ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਾਂਸਕ੍ਰਿਤਕ ਜ਼ਿੰਦਗੀ ਦਾ ਇਤਿਹਾਸ ਇਨ੍ਹਾਂ ਵਿਚ ਵਿਦਮਾਨ ਹੈ। ਸ਼ਾਇਦ ਹੀ ਜ਼ਿੰਦਗੀ ਦਾ ਕੋਈ ਅਜਿਹਾ ਪੱਖ ਜਾਂ ਵਿਸ਼ਾ ਹੋਵੇ ਜਿਸ ਬਾਰੇ ਬੋਲੀਆਂ ਦੀ ਰਚਨਾ ਨਾ ਕੀਤੀ ਗਈ ਹੋਵੇ। ਇਕ ਲੜੀਆਂ ਬੋਲੀਆਂ ਅਥਵਾ ਟੱਪੇ ਤਾਂ ਅਖਾਣਾਂ ਵਾਂਗ ਆਮ ਲੋਕਾਂ ਦੇ ਮੂੰਹ ਚੜ੍ਹੇ ਹੋਏ ਹਨ ਜਿਨ੍ਹਾਂ ਨੂੰ ਉਹ ਪ੍ਰਮਾਣ ਵਜੋਂ ਆਪਣੇ ਨਿੱਤ-ਵਿਹਾਰ ਤੇ ਬੋਲ ਚਾਲ ਵਿਚ ਵਰਤਦੇ ਹਨ। ਇਹ ਜੀਵਨ ਦੇ ਜੀਵਨ ਮੁੱਲਾਂ, ਸਰੋਕਾਰਾਂ, ਵਿਗੋਚਿਆਂ, ਸਾਕਾਦਾਰੀ ਸੰਬੰਧਾਂ ਅਤੇ ਮਾਨਵੀ ਰਿਸ਼ਤਿਆਂ ਦੇ ਪ੍ਰਮਾਣਿਕ ਵਾਹਨ ਹਨ। ਇਨ੍ਹਾਂ ਵਿਚ ਜਨ-ਜੀਵਨ ਦੀ ਆਤਮਾ ਧੜਕਦੀ ਹੈ। ਇਹ ਸਦੀਆਂ ਪੁਰਾਣੇ ਪੰਜਾਬ ਦੇ ਸਾਂਸਕ੍ਰਿਤਕ ਅਤੇ ਸਮਾਜਿਕ ਇਤਿਹਾਸ ਨੂੰ ਆਪਣੀ ਬੁੱਕਲ ਵਿਚ ਲਕੋਈ ਬੈਠੀਆਂ ਹਨ, ਜਿਨ੍ਹਾਂ ਦਾ ਅਧਿਐਨ ਕਰਕੇ ਤੁਸੀਂ ਪੰਜਾਬ ਦੇ ਸਭਿਆਚਾਰਕ ਵਿਰਸੇ ਤੋਂ ਜਾਣੂ ਹੋ ਸਕਦੇ ਹੋ। ਗਿੱਧੇ ਦੀਆਂ ਬੋਲੀਆਂ ਦਾ ਕੇਵਲ ਸਾਹਿਤਕ ਮਹੱਤਵ ਹੀ ਨਹੀਂ ਬਲਕਿ ਇਨ੍ਹਾਂ ਨੂੰ ਸਮਾਜਿਕ, ਸਭਿਆਚਾਰਕ ਅਤੇ ਲੋਕਧਾਰਾਈ ਦ੍ਰਿਸ਼ਟੀ ਤੋਂ ਵਾਚਣ ਅਤੇ ਅਧਿਐਨ ਕਰਨ ਦੀ ਲੋੜ ਹੈ। ਇਹ ਸਾਡੀ ਮੁੱਲਵਾਨ ਵਿਰਾਸਤ ਦੇ ਅਣਵਿਧ ਮੋਤੀ ਹਨ।

ਜਦੋਂ ਗਿੱਧੇ ਦਾ ਪਿੜ ਮਘਦਾ ਹੈ ਤਾਂ ਸਭ ਤੋਂ ਪਹਿਲਾਂ ਭਗਤੀ ਭਾਵ ਵਾਲ਼ੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ। ਗੁਰੂ ਬੰਦਨਾ ਕੀਤੀ ਜਾਂਦੀ ਹੈ :—

ਗੁਰੂ ਧਿਆ ਕੇ ਮੈਂ ਪਾਵਾਂ ਬੋਲੀ
ਸਭ ਨੂੰ ਫਤਿਹ ਬੁਲਾਵਾਂ
ਬੇਸ਼ਕ ਮੈਨੂੰ ਮਾੜਾ ਆਖੋ
ਮੈਂ ਮਿੱਠੇ ਬੋਲ ਸੁਣਾਵਾਂ
ਭਾਈਵਾਲੀ ਮੈਨੂੰ ਲੱਗੇ ਪਿਆਰੀ
ਰੋਜ਼ ਗਿੱਧੇ ਵਿਚ ਆਵਾਂ
ਗੁਰੂ ਦਿਆਂ ਸ਼ੇਰਾਂ ਦਾ
ਮੈਂ ਵਧ ਕੇ ਜਸ ਗਾਵਾਂ

ਕੋਈ ਬੋਲੀਕਾਰ ਰੱਬ ਦਾ ਸ਼ੁਕਰਾਨਾ ਕਰਦਾ ਹੋਇਆ ਬੋਲੀ ਪਾਉਂਦਾ ਹੈ :—

ਧਰਤੀ ਜੇਡ ਗ਼ਰੀਬ ਨਾ ਕੋਈ
ਇੰਦਰ ਜੇਡ ਨਾ ਦਾਤਾ
ਬ੍ਰਹਮਾ ਜੇਡ ਪੰਡਤ ਨਾ ਕੋਈ
ਸੀਤਾ ਜੇਡ ਨਾ ਮਾਤਾ

ਲਛਮਣ ਜੇਡ ਜਤੀ ਨਾ ਕੋਈ
ਰਾਮ ਜੇਡ ਨਾ ਭਰਾਤਾ
ਬਾਬੇ ਨਾਨਕ ਜੇਡਾ ਭਗਤ ਨਾ ਕੋਈ
ਜਿਸ ਹਰਕਾ ਨਾਮ ਪਛਾਤਾ
ਦੁਨੀਆਂ ਮਾਣ ਕਰਦੀ
ਰੱਬ ਸਭਨਾਂ ਦਾ ਦਾਤਾ

ਬੋਲੀਆਂ ਦਾ ਅਖਾੜਾ ਮਘਦੇ ਸਾਰ ਹੀ ਕੋਈ ਵੈਰਾਗ਼ ਵਿਚ ਗਾ ਉੱਠਦਾ ਹੈ :—

ਸੱਜਣ ਸੁਆਮੀ ਮੇਰਾ
ਮਿੱਠੇ ਮਿੱਠੇ ਬੋਲ ਬੋਲਦਾ

ਸਾਡੇ ਜਲਣ ਪ੍ਰੇਮ ਦੇ ਦੀਵੇ
ਰੱਤੀ ਆਂ ਮੈਂ ਤੇਰੇ ਨਾਮ ਦੀ

ਅਮਲਾਂ ਤੇ ਹੋਣਗੇ ਨਬੇੜੇ
ਜਾਤ ਕਿਸੇ ਪੁੱਛਣੀ ਨਹੀਂ

ਹਉਮੈ ਵਾਲ਼ਾ ਰੋਗ ਬੁਰਾ
ਰੱਬਾ ਲੱਗ ਨਾ ਕਿਸੇ ਨੂੰ ਜਾਵੇ

ਕਿੱਕਰਾਂ ਦੇ ਬੀਜ ਬੀਜ ਕੇ
ਕਿਥੋਂ ਮੰਗਦੈਂ ਦਸੌਗੀ ਦਾਖਾਂ

ਮੁੱਢ ਕਦੀਮ ਤੋਂ ਹੀ ਪੰਜਾਬ ਪ੍ਰਾਂਤ ਖੇਤੀ ਪ੍ਰਧਾਨ ਰਿਹਾ ਹੈ ਜਿਸ ਸਦਕਾ ਪੰਜਾਬੀ ਲੋਕ ਸਾਹਿਤ ਵਿਚ ਕਿਸਾਨੀ ਸੰਸਕ੍ਰਿਤੀ ਅਤੇ ਸਭਿਆਚਾਰ ਦੇ ਅਵਸ਼ੇਸ਼ ਵਿਦਮਾਨ ਹਨ। ਪੰਜਾਬ ਦੀ ਧਰਤੀ ਤੇ ਲਹਿਲਹਾਂਦੀਆਂ ਫ਼ਸਲਾਂ, ਮਹਿਕਾਂ ਵੰਡਦੇ ਰੁੱਖਾਂ ਤੇ ਫੁੱਲ ਬੂਟਿਆਂ ਨੇ ਪੰਜਾਬੀ ਲੋਕ ਮਨ ਨੂੰ ਟੁੰਬਿਆ ਹੈ ਜਿਸ ਕਰਕੇ ਉਸ ਨੇ ਇਨ੍ਹਾਂ ਬਾਰੇ ਸੁਹਜ ਭਰਪੂਰ ਬੋਲੀਆਂ ਦੀ ਸਿਰਜਣਾ ਕੀਤੀ ਹੈ। ਕਣਕ, ਮੱਕੀ, ਕਪਾਹ, ਛੋਲੇ, ਸਰ੍ਹੋਂ, ਬਾਜਰਾ, ਚਰ੍ਹੀ, ਅਲਸੀ, ਮੂੰਗੀ, ਜੌਂ, ਕਰੇਲੇ, ਕੱਦੂ, ਮੂੰਗਰੇ ਤੇ ਖਰਬੂਜ਼ਿਆਂ ਬਾਰੇ ਅਨੇਕਾਂ ਬੋਲੀਆਂ ਪ੍ਰਾਪਤ ਹਨ :—

ਬੱਗੀ ਬੱਗੀ ਕਣਕ ਦੇ
ਮੰਡੇ ਪਕਾਉਨੀ ਆਂ
ਛਾਵੇਂ ਬਹਿ ਕੇ ਖਾਵਾਂਗੇ
ਚਿਤ ਕਰੂ ਮੁਕਲਾਵੇ ਜਾਵਾਂਗੇ

ਅਸੀਂ ਯਾਰ ਦੀ ਤਰੀਕੇ ਜਾਣਾ
ਕਣਕ ਦੇ ਲਾਹ ਦੇ ਫੁਲਕੇ

ਪੱਲਾ ਕੀਤਾ ਲੱਡੂਆਂ ਨੂੰ
ਪੱਟੂ ਸੁੱਟ ਗਿਆ ਮੱਕੀ ਦੇ ਦਾਣੇ

ਛੜੇ ਪੈਣਗੇ ਮੱਕੀ ਦੀ ਰਾਖੀ
ਰੰਨਾਂ ਵਾਲ਼ੇ ਘਰ ਪੈਣਗੇ

ਪਰੇ ਹਟਜਾ ਕਪਾਹ ਦੀਏ ਛਟੀਏ
ਪਤਲੋ ਨੂੰ ਲੰਘ ਜਾਣ ਦੇ

ਤਾਰੋ ਹੱਸਦੀ ਖੇਤ 'ਚੋਂ ਲੰਘਗੀ
ਜੱਟ ਦੀ ਕਪਾਹ ਖਿੜਗੀ

ਗੰਨੇ ਚੂਪ ਲੈ ਜੱਟਾਂ ਦੇ ਪੋਲੇ
ਲੱਡੂ ਖਾ ਲੈ ਬਾਣੀਆਂ ਦੇ

ਕਾਲ਼ੀ ਤਿੱਤਰੀ ਕਮਾਦੋਂ ਨਿਕਲ਼ੀ
ਉਡਦੀ ਨੂੰ ਬਾਜ ਪੈ ਗਿਆ

ਚੰਦਰੇ ਜੇਠ ਦੇ ਛੋਲੇ
ਕਦੇ ਨਾ ਧੀਏ ਜਾਈਂ ਖੇਤ ਨੂੰ

ਕਾਹਨੂੰ ਆ ਗਿਐਂ ਸਰ੍ਹੋਂ ਦਾ ਫੁੱਲ ਬਣ ਕੇ
ਮਾਪਿਆਂ ਨੇ ਤੋਰਨੀ ਨਹੀਂ

ਤੈਨੂੰ ਗੰਦਲਾਂ ਦਾ ਸਾਗ ਤੁੜਾਵਾਂ
ਸਰ੍ਹੋਂ ਵਾਲ਼ੇ ਆਜੀਂ ਖੇਤ ਨੂੰ

ਮੀਂਹ ਪਾ ਦੇ ਲਾ ਦੇ ਝੜੀਆਂ
ਬੀਜ ਲਈਏ ਮੋਠ ਬਾਜਰਾ

ਰੁੱਤ ਗਿੱਧਾ ਪਾਉਣ ਦੀ ਆਈ
ਲੱਕ ਲੱਕ ਹੋ ਗੇ ਬਾਜਰੇ

ਮੇਰੀ ਡਿੱਗਪੀ ਚਰ੍ਹੀ ਦੇ ਵਿਚ ਗਾਨੀ
ਚੱਕ ਲਿਆ ਮੋਰ ਬਣ ਕੇ

ਕਾਲ਼ਾ ਨਾਗ ਨੀ ਚਰ੍ਹੀ ਵਿਚ ਮੇਲ੍ਹੇ
ਬਾਹਮਣੀ ਦੀ ਗੁੱਤ ਵਰਗਾ

ਮੇਰੀ ਨਣਦ ਚੱਲੀ ਮੁਕਲਾਵੇ
ਅਲਸੀ ਦੇ ਫੁੱਲ ਵਰਗੀ

ਉੱਚੇ ਟਿੱਬੇ ਇਕ ਮੂੰਗੀ ਦਾ ਬੂਟਾ
ਉਹਨੂੰ ਲੱਗੀਆਂ ਢਾਈ ਟਾਂਟਾਂ
ਕਰਾਦੇ ਨੀ ਮਾਏਂ ਜੜੁੱਤ ਬਾਂਕਾਂ

ਉੱਚੇ ਟਿੱਬੇ ਇਕ ਜੌਆਂ ਦਾ ਬੂਟਾ
ਉਹਨੂੰ ਲੱਗੀਆਂ ਬੱਲੀਆਂ
ਬੱਲੀਆਂ ਨੂੰ ਲੱਗਾ ਕਸੀਰ
ਕੁੜਤੀ ਮਲਮਲ ਦੀ
ਭਖ ਭਖ ਉੱਠੇ ਸਰੀਰ

ਗੰਢੇ ਤੇਰੇ ਕਰੇਲੇ ਮੇਰੇ
ਖੂਹ 'ਤੇ ਮੰਗਾ ਲੈ ਰੋਟੀਆਂ

ਮੇਰੀ ਮੱਚਗੀ ਕੱਦੂ ਦੀ ਤਰਕਾਰੀ
ਆਇਆ ਨਾ ਪਰੇਟ ਕਰਕੇ

ਮੈਂ ਮੂੰਗਰੇ ਤੜਕ ਕੇ ਲਿਆਈ
ਰੋਟੀ ਖਾ ਲੈ ਔਤ ਟੱਬਰਾ

ਗੋਰੀ ਗੱਲ੍ਹ ਦਾ ਬਣੇ ਖਰਬੂਜ਼ਾ
ਡੰਡੀਆਂ ਦੀ ਵੇਲ ਬਣਜੇ

ਆਦਿ ਕਾਲ ਤੋਂ ਹੀ ਪੰਜਾਬੀਆਂ ਦੀ ਰੁੱਖਾਂ ਨਾਲ ਸਾਂਝ ਰਹੀ ਹੈ। ਉਹ ਮਨੁੱਖ ਦੇ ਜੀਵਨ ਦਾਤੇ ਹਨ। ਭਲਾ ਜੀਵਨ ਦਾਤਿਆਂ ਨੂੰ ਲੋਕ ਮਨ ਕਿਵੇਂ ਭੁਲਾ ਸਕਦਾ ਹੈ, ਪਿੱਪਲ, ਬੋਹੜ, ਕਿੱਕਰ, ਬੇਰੀਆਂ, ਨਿੰਮ, ਜੰਡ, ਕਰੀਰ, ਟਾਹਲੀ, ਨਿੰਬੂ, ਅੰਬ ਅਤੇ ਜਾਮਣਾਂ ਦੇ ਰੁੱਖ ਲੋਕ ਬੋਲੀਆਂ ਵਿਚ ਲਹਿਲਹਾਉਂਦੇ ਨਜ਼ਰੀਂ ਪੈਂਦੇ ਹਨ :

ਪਿੱਪਲ਼ਾ ਵੇ ਮੇਰੇ ਪਿੰਡ ਦਿਆ
ਤੇਰੀਆਂ ਠੰਢੀਆਂ ਛਾਵਾਂ
ਢਾਬ ਤੇਰੀ ਦਾ ਗੰਧਲਾ ਪਾਣੀ
ਉੱਤੋਂ ਬੂਰ ਹਟਾਵਾਂ
ਸੱਭੇ ਸਹੇਲੀਆਂ ਸਹੁਰੇ ਗਈਆਂ
ਕਿਸ ਨੂੰ ਹਾਲ ਸੁਣਾਵਾਂ
ਚਿੱਠੀਆਂ ਬਰੰਗ ਭੇਜਦਾ
ਕਿਹੜੀ ਛਾਉਣੀ ਲੁਆ ਲਿਆ ਨਾਵਾਂ

ਪਿੱਪਲ਼ਾ ਦੱਸਦੇ ਵੇ
ਕਿਹੜਾ ਰਾਹ ਸੁਰਗਾਂ ਨੂੰ ਜਾਵੇ

ਪਿੱਪਲ਼ਾਂ ਉੱਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਹਲਾਂ
ਜੰਗ ਨੂੰ ਨਾ ਜਾਹ ਵੇ
ਦਿਲ ਦੇ ਬੋਲ ਮੈਂ ਬੋਲਾਂ

ਛੇਤੀ ਛੇਤੀ ਵਧ ਕਿੱਕਰੇ
ਅਸੀਂ ਸੱਸ ਦਾ ਸੰਦੂਕ ਬਣਾਉਣਾ

ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ
ਵਿਆਹ ਕੇ ਲੈ ਗਿਆ ਤੂਤ ਦੀ ਛਟੀ

ਬੇਰੀਏ ਨੀ ਤੈਨੂੰ ਬੇਰ ਬਥੇਰੇ
ਕਿੱਕਰੇ ਨੀ ਤੈਨੂੰ ਤੁੱਕੇ
ਰਾਂਝਾ ਦੂਰ ਖੜਾ
ਦੂਰ ਖੜਾ ਦੁੱਖ ਪੁੱਛੇ

ਚਿੱਤ ਬੱਕਰੀ ਲੈਣ ਨੂੰ ਕਰਦਾ
ਬੰਨੇ ਬੰਨੇ ਲਾ ਦੇ ਬੇਰੀਆਂ

ਕੌੜੀ ਨਿੰਮ ਨੂੰ ਪਤਾਸੇ ਲੱਗਦੇ
ਵਿਹੜੇ ਛੜਿਆਂ ਦੇ

ਤੇਰੇ ਝੁਮਕੇ ਲੈਣ ਹੁਲਾਰੇ
ਨਿੰਮ ਨਾਲ਼ ਝੂਟਦੀਏ

ਮੈਨੂੰ ਕੱਲੀ ਨੂੰ ਚੁਬਾਰਾ ਪਾ ਦੇ
ਰੋਹੀ ਵਾਲ਼ਾ ਜੰਡ ਵੇਚ ਕੇ

ਮਰਗੀ ਨੂੰ ਰੁੱਖ ਰੋਣਗੇ
ਅੱਕ ਢੱਕ ਤੇ ਕਰੀਰ ਜੰਡ ਬੇਰੀਆਂ

ਆਮ ਖ਼ਾਸ ਨੂੰ ਡੇਲੇ
ਮਿੱਤਰਾਂ ਨੂੰ ਖੰਡ ਦਾ ਕੜਾਹ

ਕੌਲ ਕੱਲਰ ਵਿਚ ਲੱਗਲੀ ਟਾਹਲੀ
ਵਧਗੀ ਸਰੂਆਂ ਸਰੂਆਂ
ਆਉਂਦਿਆ ਰਾਹੀਆ ਘੜਾ ਚੁਕਾ ਜਾ
ਕੌਣ ਵੇਲ਼ੇ ਦੀਆਂ ਖੜੀਆਂ
ਖੜੀਆਂ ਦੇ ਸਾਡੇ ਪੱਟ ਫੁੱਲ ਜਾਂਦੇ
ਹੇਠੋਂ ਮੱਚਦੀਆਂ ਤਲ਼ੀਆਂ

ਰੂਪ ਕੁਆਰੀ ਦਾ
ਖੰਡ ਮਿਸ਼ਰੀ ਦੀਆਂ ਡਲ਼ੀਆਂ

ਰੱਤਾ ਪਲੰਘ ਚੰਨਣ ਦੇ ਪਾਵੇ
ਤੋੜ ਤੋੜ ਖਾਣ ਹੱਡੀਆਂ

ਛੱਡ ਕੇ ਦੇਸ ਦੁਆਬਾ
ਅੰਬੀਆਂ ਨੂੰ ਤਰਸੇਂਗੀ

ਬੱਲੇ ਬੱਲੇ
ਬਈ ਅੰਬ ਉੱਤੇ ਤਾਰੋ ਬੋਲਦੀ
ਥੱਲੇ ਬੋਲਦੇ ਬੱਕਰੀਆਂ ਵਾਲ਼ੇ

ਜੇਠ ਹਾੜ ਵਿਚ ਅੰਬ ਬਥੇਰੇ
ਸਾਉਣ ਜਾਮਣੂੰ ਪੀਲ੍ਹਾਂ
ਰਾਂਝਿਆ ਆ ਜਾ ਵੇ
ਤੈਨੂੰ ਪਾ ਕੇ ਪਟਾਰੀ ਵਿਚ ਕੀਲਾਂ

ਪਸ਼ੂ ਧੰਨ ਸਦਾ ਹੀ ਕਿਸਾਨਾਂ ਦੀ ਧਰੋਹਰ ਰਿਹਾ ਹੈ। ਸਾਰੀ ਖੇਤੀ ਦਾ ਦਾਰੋਮਦਾਰ ਬਲਦਾਂ, ਬੋਤਿਆਂ ਦੇ ਸਹਾਰੇ ਸੀ। ਪਸ਼ੂ-ਪੰਛੀਆਂ ਬਾਰੇ ਅਨੇਕਾਂ ਬੋਲੀਆਂ ਦੀ ਸਿਰਜਣਾ ਕੀਤੀ ਗਈ ਹੈ :—

ਪਿੰਡਾਂ ਵਿਚੋਂ ਪਿੰਡ ਸੁਣੀਂਦਾ
ਪਿੰਡ ਸੁਣੀਂਦਾ ਲੱਲੀਆਂ
ਓਥੋਂ ਦੇ ਦੋ ਬਲਦ ਸੁਣੀਂਦੇ
ਗਲ ਉਹਨਾਂ ਦੇ ਟੱਲੀਆਂ
ਨੱਠ ਨੱਠ ਕੇ ਉਹ ਮੱਕੀ ਬੀਜਦੇ
ਹੱਥ ਹੱਥ ਲੱਗੀਆਂ ਛੱਲੀਆਂ
ਬੰਤੋ ਦੇ ਬੈਲਾਂ ਨੂੰ
ਪਾਵਾਂ ਗੁਆਰੇ ਦੀਆਂ ਫਲੀਆਂ

ਮੂਹਰੇ ਰੱਥ ਭਾਬੋ ਦਾ
ਪਿੱਛੇ ਇੰਦਰ ਵੀਰ ਦਾ ਬੋਤਾ

ਬੋਤਾ ਲਿਆਵੀਂ ਉਹ ਮਿੱਤਰਾ
ਜਿਹੜਾ ਡੰਡੀਆਂ ਹਿੱਲਣ ਨਾ ਦੇਵੇ

ਪਤਲੋ ਦੇ ਹੱਥ ਗੜਵਾ
ਬੂਰੀ ਮੱਝ ਨੂੰ ਥਾਪੀਆਂ ਦੇਵੇ

ਮਰ ਗਈ ਵੇ ਫੁੱਫੜਾ
ਮੱਝ ਕੱਟਾ ਨੀ ਝੱਲਦੀ

ਬੱਕਰੀ ਦਾ ਦੁੱਧ ਗਰਮੀ
ਵੇ ਛੱਡ ਗੁਜਰੀ ਦੀ ਯਾਰੀ

ਮੇਰੀ ਬੱਕਰੀ ਚਾਰ ਲਿਆ ਦਿਓਰਾ
ਮੈਂ ਨਾ ਤੇਰਾ ਹੱਕ ਰੱਖਦੀ

ਕਿਧਰੇ ਪੰਛੀ ਚਹਿਚਾਉਂਦੇ ਹਨ :—

ਕੋਇਲ ਨਿੱਤ ਕੂਕਦੀ
ਕਦੇ ਬੋਲ ਚੰਦਰਿਆ ਕਾਵਾਂ

ਅੱਖ ਪਟਵਾਰਨ ਦੀ
ਜਿਉਂ ਇੱਲ੍ਹ ਦੇ ਆਲ੍ਹਣੇ ਆਂਡਾ

ਬਣ ਕੇ ਕਬੂਤਰ ਚੀਨਾ
ਗਿੱਧੇ ਵਿਚ ਆ ਜਾ ਬੱਲੀਏ

ਕੂੰਜੇ ਪਹਾੜ ਦੀਏ
ਕਦੇ ਪਾ ਵਤਨਾਂ ਵੱਲ ਫੇਰਾ

ਸਾਡੇ ਤੋਤਿਆਂ ਨੂੰ ਬਾਗ਼ ਬਥੇਰੇ
ਨਿੰਮ ਦਾ ਤੂੰ ਮਾਣ ਨਾ ਕਰੀਂ

ਕਾਟੋ ਦੁੱਧ ਰਿੜਕੇ
ਚੁਗਲ ਝਾਤੀਆਂ ਮਾਰੇ

ਮਿੱਤਰਾਂ ਦੇ ਤਿੱਤਰਾਂ ਨੂੰ
ਮੈਂ ਹੱਥ ਤੇ ਚੋਗ ਚੁਗਾਵਾਂ

ਜਦੋਂ ਬਿਸ਼ਨੀ ਬਾਗ਼ ਵਿਚ ਆਈ
ਭੌਰਾਂ ਨੂੰ ਭੁਲੇਖਾ ਪੈ ਗਿਆ

ਮੁੰਡਾ ਅਨਦਾਹੜੀਆ ਸੁੱਕਾ ਨਾ ਜਾਵੇ
ਲੜ ਜਾ ਭਰਿੰਡ ਬਣ ਕੇ

ਪੰਜਾਬੀਆਂ ਦਾ ਸਾਕਾਦਾਰੀ ਪ੍ਰਬੰਧ ਬਹੁਤ ਮਜ਼ਬੂਤ ਹੈ। ਰਿਸ਼ਤੇ-ਨਾਤੇ, ਸਾਕ-ਸਕੀਰੀਆਂ ਭਾਈਚਾਰੇ ਵਿਚ ਮੋਹ-ਮੁਹੱਬਤਾਂ ਦਾ ਸੰਚਾਰ ਹੀ ਨਹੀਂ ਕਰਦੀਆਂ ਬਲਕਿ ਸਮਾਜਕ ਢਾਂਚੇ ਨੂੰ ਸਯੋਗ ਕੜੀ ਵਿਚ ਪਰੋਂਦੀਆਂ ਵੀ ਹਨ। ਦਾਦਕੇ-ਸਹੁਰੇ ਪਰਿਵਾਰ ਨਾਲ ਜੁੜੇ ਸਾਕਾਂ ਬਾਰੇ ਭਿੰਨ-ਭਿੰਨ ਬੋਲੀਆਂ ਪਾਈਆਂ ਜਾਂਦੀਆਂ ਹਨ :—

ਤਖ਼ਤ ਹਜ਼ਾਰਿਓਂ-ਵੰਗਾਂ ਆਈਆਂ
ਬੜੇ ਸ਼ੌਕ ਨਾਲ਼ ਪਾਵਾਂ
ਮਾਪਿਆਂ ਦਾ ਦੇਸ ਛੱਡ ਕੇ
ਮੈਂ ਕਿਵੇਂ ਮੁਕਲਾਵੇ ਜਾਵਾਂ

ਮਾਏਂ ਨੀ ਮਾਏਂ ਮੈਨੂੰ ਜੁੱਤੀ ਸਮਾਦੇ
ਹੇਠ ਲੁਆ ਦੇ ਖੁਰੀਆਂ
ਨੀ ਆਹ ਦਿਨ ਖੇਡਣ ਦੇ
ਸੱਸਾਂ ਨਨਾਣਾਂ ਬੁਰੀਆਂ

ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ
ਉਹ ਵਰ ਟੋਲ੍ਹੀਂ ਬਾਬਲਾ

ਤੇਰੀ ਕੱਸੀ ਤੇ ਜ਼ਮੀਨ ਬਥੇਰੀ
ਪਾ ਦੇ ਬਾਪੂ ਨੱਥ ਮੱਛਲੀ

ਚਾਚੇ ਤਾਏ ਮਤਲਬ ਦੇ
ਛੱਕਾਂ ਪੂਰਦੇ ਅੰਮਾਂ ਦੇ ਜਾਏ

ਇਕ ਵੀਰ ਦਈਂ ਵੇ ਰੱਬਾ
ਮੇਰੀ ਸਾਰੀ ਉਮਰ ਦਾ ਗਹਿਣਾ

ਪੁੱਤ ਵੀਰ ਦਾ ਭਤੀਜਾ ਮੇਰਾ
ਨਾਓਂ ਜੜ੍ਹ ਮਾਪਿਆਂ ਦੀ

ਚਿੱਟੇ ਚਾਦਰੇ ਜਿਨ੍ਹਾਂ ਨੇ ਪੁੰਨ ਕੀਤੇ
ਰੱਬ ਨੇ ਬਣਾਈਆਂ ਜੋੜੀਆਂ

ਚਾਓ ਮੁਕਲਾਵੇ ਦਾ
ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ

ਘੁੰਡ ਕੱਢ ਲੈ ਪਤਲੀਏ ਨਾਰੇ
ਸਹੁਰਿਆਂ ਦਾ ਪਿੰਡ ਆ ਗਿਆ

ਪੁੱਤ ਮਰਜੇ ਬਚੋਲਿਆ ਤੇਰਾ
ਹਾਣ ਦਾ ਨਾ ਵਰ ਟੋਲ਼ਿਆ

ਚੜ੍ਹਦੇ ਛਿਪਦੇ ਸੋਚਾਂ ਸੋਚਦੀ
ਗ਼ਮ ਪੀਵਾਂ ਗ਼ਮ ਖਾਵਾਂ
ਜਾਂਦਾ ਹੋਇਆ ਦੱਸ ਨਾ ਗਿਆ

ਚਿੱਠੀਆਂ ਕਿੱਧਰ ਨੂੰ ਪਾਵਾਂ

ਮਾਪਿਆਂ ਨੇ ਰੱਖੀ ਲਾਡਲੀ
ਅੱਗੋਂ ਸੱਸ ਬਘਿਆੜੀ ਟੱਕਰੀ

ਤੈਨੂੰ ਸੱਸ ਦੇ ਮਰੇ ਤੇ ਪਾਵਾਂ
ਸੁੱਥਣੇ ਸੂਫ਼ ਦੀਏ

ਰਾਂਝਾ ਰੁਲਦੂ ਬੱਕਰੀਆਂ ਚਾਰੇ
ਘਰ ਮੇਰੇ ਜੇਠ ਦੀ ਪੁੱਗੇ

ਰੋਟੀ ਲੈ ਕੇ ਦਿਓਰ ਦੀ ਚੱਲੀ
ਅੱਗੇ ਜੇਠ ਬੱਕਰਾ ਹਲ਼ ਵਾਹੇ

ਮੇਰੀ ਨਣਦ ਚੱਲੀ ਮੁਕਲਾਵੇ
ਪਿੱਪਲੀ ਦੇ ਪੱਤ ਵਰਗੀ

ਨਣਦੇ ਜਾ ਸਹੁਰੇ
ਭਾਵੇਂ ਲੈ ਜਾ ਕੰਨਾਂ ਦੇ ਵਾਲੇ

ਛੋਟਾ ਦਿਓਰ ਭਾਬੀਆਂ ਦਾ ਗਹਿਣਾ
ਪੱਟਾਂ ਵਿਚ ਖੇਡਦਾ ਫਿਰੇ

ਕਾਲ਼ਾ ਦਿਓਰ ਕਜਲੇ ਦੀ ਧਾਰੀ
ਅੱਖੀਆਂ 'ਚ ਪਾ ਰਖਦੀ

ਜੀਵਨ ਦੇ ਹੋਰ ਵੀ ਅਨੇਕਾਂ ਵਿਸ਼ੇ ਹਨ ਜਿਨ੍ਹਾਂ ਬਾਰੇ ਰਸ ਭਰਪੂਰ ਤੇ ਸੁਹਜਮਈ ਬੋਲੀਆਂ ਉਪਲਬਧ ਹਨ :—

ਲੰਮੀ ਦੀ ਕੀ ਥੰਮੀ ਗੱਡਣੀ
ਮੇਰੀ ਪਤਲੋ ਫੁੱਲ ਪਤਾਸਾ

ਕੱਚੀ ਯਾਰੀ ਲੱਡੂਆਂ ਦੀ
ਲੱਡੂ ਮੁਕਗੇ ਯਰਾਨੇ ਟੁਟਗੇ

ਤੇਰਾ ਰੂਪ ਝੱਲਿਆ ਨਾ ਜਾਵੇ
ਕੰਨੋਂ ਲਾਹ ਦੇ ਸੋਨ ਚਿੜੀਆਂ

ਰੰਨ ਨ੍ਹਾ ਕੇ ਛੱਪੜ 'ਚੋਂ ਨਿਕਲੀ
ਸੁਲਫ਼ੇ ਦੀ ਲਾਟ ਵਰਗੀ

ਦਿਨ ਚੜ੍ਹਦੇ ਦੀ ਲਾਲੀ
ਰੂਪ ਕੁਆਰੀ ਦਾ

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿਚ ਕੈਦ ਰੱਖੀਆਂ

ਜਾਂਦੇ ਹੋਏ ਜੋਬਨ ਦੀ
ਉੱਡਦੀ ਧੂੜ ਨਜ਼ਰ ਨਾ ਆਵੇ

ਰੱਬਾ ਲੱਗ ਨਾ ਕਿਸੇ ਨੂੰ ਜਾਵੇ
ਗੁੜ ਨਾਲ਼ੋਂ ਇਸ਼ਕ ਮਿੱਠਾ

ਯਾਰੀ ਹੱਟੀ ਤੇ ਲਿਖਾ ਕੇ ਲਾਈਏ
ਦਗ਼ੇਦਾਰ ਹੋਗੀ ਦੁਨੀਆਂ

ਜੀਹਨੇ ਅੱਖ ਦੀ ਰਮਜ਼ ਨਾ ਜਾਣੀ
ਮਾਰ ਗੋਲ਼ੀ ਆਸ਼ਕ ਨੂੰ

ਤੇਰੇ ਲੱਗਦੇ ਨੇ ਬੋਲ ਪਿਆਰੇ
ਚੌਕੀਦਾਰਾ ਲੈ ਲੈ ਮਿੱਤਰਾ

ਨਹੀਓਂ ਭੁੱਲਣਾ ਵਿਛੋੜਾ ਤੇਰਾ
ਸਭੇ ਦੁੱਖ ਭੁੱਲ ਜਾਣਗੇ

ਚੰਦ ਕੁਰ ਚੱਕਵਾਂ ਚੁੱਲ੍ਹਾ
ਕਿਤੇ ਯਾਰਾਂ ਨੂੰ ਭੜਾ ਕੇ ਮਾਰੂ

ਤੇਰੀ ਸੱਜਰੀ ਪੈੜ ਦਾ ਰੇਤਾ
ਚੁੱਕ ਚੁੱਕ ਲਾਵਾਂ ਹਿੱਕ ਨੂੰ

ਕਲਜੁਗ ਬੜਾ ਜ਼ਮਾਨਾ ਖੋਟਾ
ਲੋਕ ਦੇਣ ਦੁਹਾਈ
ਊਚ ਨੀਚ ਨਾ ਕੋਈ ਦੇਖੇ
ਕਾਮ ਹਨ੍ਹੇਰੀ ਛਾਈ
ਨਾ ਕੋਈ ਮਾਮੀ ਫੂਫੀ ਦੇਖੇ
ਨਾ ਚਾਚੀ ਨਾ ਤਾਈ
ਨੂੰਹਾਂ ਵੱਲ ਨੂੰ ਸਹੁਰੇ ਝਾਕਣ
ਸੱਸਾਂ ਵਲ ਜਮਾਈ
ਪਾਪੀ ਕਲਜੁਗ ਨੇ
ਉਲਟੀ ਨਦੀ ਚਲਾਈ

ਲੱਛੀ ਤੇਰੇ ਬੰਦ ਨਾ ਬਣੇ
ਮੁੰਡੇ ਮਰਗੇ ਕਮਾਈਆਂ ਕਰਦੇ

ਔਖੇ ਲੰਘਣੇ ਘਰਾਂ ਦੇ ਲਾਂਘੇ
ਛੱਡ ਦੇ ਤੂੰ ਵੈਲਦਾਰੀਆਂ

ਘਰ ਘਰ ਪੁੱਤ ਜੰਮਦੇ
ਭਗਤ ਸਿੰਘ ਨੀ ਕਿਸੇ ਬਣ ਜਾਣਾ

ਏਕਾ ਜਨਤਾ ਦਾ
ਲੋਕ ਰਾਜ ਦੀ ਕੁੰਜੀ

ਧਰਤੀ ਜਾਗ ਪਈ
ਪਾਊ ਜਿੱਤ ਲੁਕਾਈ

"ਬੋਲੀਆਂ ਦਾ ਖੂਹ ਭਰ ਦਿਆਂ, ਮੈਥੋਂ ਜੱਗ ਜਿੱਤਿਆ ਨਾ ਜਾਵੇ" ਲੋਕ ਬੋਲੀ ਅਨੁਸਾਰ ਇਹ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੀਆਂ ਹਨ। ਇਹ ਬੋਲੀਆਂ ਪੰਜਾਬੀਆਂ ਦੀ ਮੁੱਲਵਾਨ ਵਿਰਾਸਤ ਦਾ ਅਨਿੱਖੜਵਾਂ ਅੰਗ ਹਨ।

ਪੰਜਾਬੀ ਲੋਕ ਧਾਰਾ ਵਿਚ ਦਿਲਚਸਪੀ ਰੱਖਣ ਵਾਲ਼ੇ ਪਾਠਕ ਭਲੀ ਪ੍ਰਕਾਰ ਜਾਣਦੇ ਹਨ ਕਿ ਨਿਰੋਲ ਇਕ ਲੜੀਆਂ ਬੋਲੀਆਂ/ਮਲਵਈ ਟੱਪਿਆਂ ਦਾ ਮੇਰਾ ਪਹਿਲਾ ਲੋਕ ਗੀਤ ਸੰਗ੍ਰਹਿ 'ਗਾਉਂਦਾ ਪੰਜਾਬ' 1959 ਵਿਚ ਪ੍ਰਕਾਸ਼ਿਤ ਹੋਇਆ ਸੀ ਜਿਸ ਵਿਚ 1011 ਇਕ ਤੁਕੀਆਂ ਬੋਲੀਆਂ ਸੰਗ੍ਰਹਿਤ ਸਨ। ਪੰਜਾਬੀ ਸਾਹਿਤ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਉਪਰਾਲਾ ਸੀ, ਜਿਸ ਦਾ ਸਾਹਿਤ ਪ੍ਰੇਮੀਆਂ ਵੱਲੋਂ ਭਰਪੂਰ ਸੁਆਗਤ ਕੀਤਾ ਗਿਆ ਜਿਸ ਤੋਂ ਉਤਸ਼ਾਹਿਤ ਹੋ ਕੇ ਮੈਂ ਖੇਤਰ ਵਿਚੋਂ ਅਲੋਪ ਹੋ ਰਹੇ ਲੋਕ ਗੀਤਾਂ ਨੂੰ ਇਕੱਤਰ ਕਰਕੇ ਸੰਭਾਲਣਾ ਹੀ ਆਪਣਾ ਜੀਵਨ ਲਕਸ਼ ਬਣਾ ਲਿਆ। ਹੁਣ ਤਕ ਇਸੇ ਡਗਰ ਤੇ ਕਾਰਜਸ਼ੀਲ ਹਾਂ ਅਤੇ ਪੰਜਾਬੀ ਲੋਕ ਗੀਤਾਂ ਦੇ ਭਿੰਨ-ਭਿੰਨ ਗੀਤ-ਰੂਪਾਂ ਦੇ ਅੱਠ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।

ਮੈਂ ਲੋਕ ਸਭਿਆਚਾਰ ਦੇ ਸੁਹਿਰਦ ਪਾਠਕ ਅਤੇ ਪ੍ਰੇਮੀ ਹਰੀਸ਼ ਜੈਨ ਹੁਰਾਂ ਦਾ ਦਿਲੀ ਤੌਰ 'ਤੇ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਆਪਣੀ ਪਲੇਠੀ ਲੋਕ ਗੀਤਾਂ ਦੀ ਪੁਸਤਕ 'ਗਾਉਂਦਾ ਪੰਜਾਬ' ਨੂੰ ਨਵੇਂ ਸਿਰਿਉਂ ਨਵੇਂ ਰੂਪ ਵਿਚ ਪਾਠਕਾਂ ਦੇ ਸਨਮੁਖ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਇਸ ਸੰਗ੍ਰਹਿ ਵਿਚ 1300 ਤੋਂ ਵੱਧ ਬੋਲੀਆਂ/ਟੱਪੇ ਸ਼ਾਮਲ ਕੀਤੇ ਗਏ ਹਨ।

ਮੈਨੂੰ ਆਸ ਹੈ ਲੋਕ ਧਾਰਾ ਅਤੇ ਲੋਕ ਸਭਿਆਚਾਰ ਦੇ ਵਿਦਵਾਨ ਅਤੇ ਖੋਜਾਰਥੀ ਜਿਥੇ ਇਸ ਪੁਸਤਕ ਦਾ ਲੋਕਧਾਰਾਈ ਦ੍ਰਿਸ਼ਟੀ ਤੋਂ ਅਧਿਐਨ ਕਰਨਗੇ ਓਥੇ ਇਹ ਆਮ ਪਾਠਕਾਂ ਨੂੰ ਵੀ ਆਪਣੀ ਮੁੱਲਵਾਨ ਵਿਰਾਸਤ ਨਾਲ ਜੋੜੇਗੀ ਅਤੇ ਇਸ ਦਾ ਪਾਠ ਉਨ੍ਹਾਂ ਨੂੰ ਸੁਹਜ-ਆਤਮਕ ਆਨੰਦ ਵੀ ਪ੍ਰਦਾਨ ਕਰੇਗਾ।

ਅਗਸਤ 2, 2013

*ਸੁਖਦੇਵ ਮਾਦਪੁਰੀ*

ਸਮਾਧੀ ਰੋਡ, ਖੰਨਾ
ਜ਼ਿਲ੍ਹਾ ਲੁਧਿਆਣਾ-141401

# ਮਿੱਟੀ ਦੀ ਮਹਿਕ

ਮਿੱਠੀ ਲਗਦੀ ਗੁਰੂ ਜੀ ਤੇਰੀ ਬਾਣੀ
ਵੇਲ਼ੇ ਅੰਮ੍ਰਿਤ ਦੇ

ਹਉਮੇਂ ਵਾਲ਼ਾ ਰੋਗ ਬੁਰਾ
ਰੱਬਾ ਲੱਗ ਨਾ ਕਿਸੇ ਨੂੰ ਜਾਵੇ

ਕੌੜੀ ਨਿੰਮ ਨੂੰ ਪਤਾਸੇ ਲਗਦੇ
ਵਿਹੜੇ ਛੜਿਆਂ ਦੇ

ਤਾਰੋ ਹਸਦੀ ਖੇਤ 'ਚੋਂ ਲੰਘਗੀ
ਜੱਟ ਦੀ ਕਪਾਹ ਖਿੜਗੀ

ਰੁੱਤ ਗਿੱਧਾ ਪਾਉਣ ਦੀ ਆਈ
ਲੱਕ ਲੱਕ ਹੋ ਗੇ ਬਾਜਰੇ

## ਲਈਏ ਗੁਰਾਂ ਦਾ ਨਾਂ

1

*ਗੁਰੂ ਨਾਨਕ*

ਉੱਚਾ ਦਰ ਬਾਬੇ ਨਾਨਕ ਦਾ
ਮੈਂ ਸੋਭਾ ਸੁਣ ਕੇ ਆਇਆ

2

ਹੱਟ ਖੁਲ੍ਹਗੀ ਬਾਬੇ ਨਾਨਕ ਦੀ
ਸੌਦਾ ਲੈਣਗੇ ਨਸੀਬਾਂ ਵਾਲ਼ੇ

3

ਜ਼ਾਹਰੀ ਕਲਾ ਦਖਾਈ
ਬਾਬੇ ਨੇ ਮੱਕਾ ਫੇਰਿਆ

4

ਬਾਬੇ ਨਾਨਕ ਨੇ
ਪੌੜੀਆਂ ਸੁਰਗ ਨੂੰ ਲਾਈਆਂ

5

ਬਾਣੀ ਧੁਰ ਦਰਗਾਹੋਂ ਆਈ
ਪਾਪੀਆਂ ਦੇ ਤਾਰਨੇ ਨੂੰ

6

ਮਿੱਠੀ ਲੱਗਦੀ ਗੁਰੂ ਜੀ ਤੇਰੀ ਬਾਣੀ
ਵੇਲ਼ੇ ਅੰਮ੍ਰਿਤ ਦੇ

7

*ਗੁਰੂ ਗੋਬਿੰਦ ਸਿੰਘ*

ਸੱਚ ਦੱਸੀਂ ਕਲਗੀ ਵਾਲ਼ਿਆ
ਕਿੱਥੇ ਛੱਡ ਆਇਆ ਲਾਲ ਪਰਾਏ

8

ਜਿਥੇ ਬੈਠ ਗਏ ਕਲਗੀਆਂ ਵਾਲ਼ੇ
ਧਰਤੀ ਨੂੰ ਭਾਗ ਲੱਗ ਗੇ

9

ਦਰਸ਼ਨ ਦੇ ਗੁਰ ਮੇਰੇ
ਸੰਗਤਾਂ ਆਈਆਂ ਦਰਸ਼ਨ ਨੂੰ

10

ਮੈਂ ਜਾਵਾਂ ਬਲਿਹਾਰ
ਕਲਗੀਆਂ ਵਾਲ਼ੇ ਤੋਂ

11

ਸੁੱਤੇ ਪਏ ਨੇ ਪਾਤਸ਼ਾਹ ਮੇਰੇ
ਟਿੰਡ ਦਾ ਸਿਰਹਾਣਾ ਕਰਕੇ

12

ਲਾਲ ਤੇਰੇ ਜੰਞ ਚੜ੍ਹਗੇ
ਜੰਞ ਚੜ੍ਹਗੇ ਮੌਤ ਵਾਲ਼ੀ ਘੋੜੀ

13

*ਰਾਮ ਤੇ ਲਛਮਣ*

ਵਾਜਾਂ ਮਾਰਦੀ ਕੁਸ਼ੱਲਿਆ ਮਾਈ
ਰਾਮ ਚੱਲੇ ਬਣਵਾਸ ਨੂੰ

14

ਕੱਲੀ ਹੋਵੇ ਨਾ ਬਣਾਂ ਦੇ ਵਿਚ ਲੱਕੜੀ
ਰਾਮ ਕਹੇ ਲਛਮਣ ਨੂੰ

15

ਜੂਠੇ ਬੇਰ ਭੀਲਣੀ ਦੇ ਖਾ ਕੇ
ਭਗਤਾਂ ਦੇ ਵੱਸ ਹੋ ਗਿਆ

16

ਤੇਰੇ ਨਾਮ ਦੀ ਬੈਰਾਗਣ ਹੋਈ
ਬਣ ਬਣ ਫਿਰਾਂ ਢੂੰਡਦੀ

17

ਯੁੱਧ ਲੰਕਾ ਵਿਚ ਹੋਇਆ
ਰਾਮ ਤੇ ਲਛਮਣ ਦਾ

18

*ਭਗਤ*

ਕੱਚੇ ਧਾਗੇ ਦਾ ਸੰਗਲ ਬਣ ਜਾਵੇ
ਭਗਤੀ ਤੇਰੀ ਪੂਰਨਾ

19

ਖੜੀ ਰੋਂਦੀ ਐ ਕਬੀਰਾ ਤੇਰੀ ਮਾਈ
ਤਾਣਾ ਮੇਰਾ ਕੌਣ ਤਣੂੰ

20

ਜ਼ਾਤ ਦਾ ਜੁਲਾਹਾ
ਨਾਮ ਵਾਲ਼ਾ ਲਾਹਾ ਲੈ ਗਿਆ

21

ਜਦੋਂ ਸਧਨੇ ਨੇ ਨਾਮ ਉਚਰਿਆ
ਧੜਾ ਧੜ ਕੰਧਾਂ ਡਿੱਗੀਆਂ

22

ਨਾਮ ਦੇਵ ਦੀ ਬਣਾਈ ਬਾਬਾ ਛੱਪਰੀ
ਧੰਨੇ ਦੀਆਂ ਗਊਆਂ ਚਾਰੀਆਂ

23

ਰੱਬ ਫਿਰਦਾ ਧੰਨੇ ਦੇ ਖੁਰੇ* ਵੱਢ੍ਹਦਾ
ਉਹਨੇ ਕਿਹੜਾ ਕੱਛ ਪਾਈ ਸੀ

24

*ਚਿਤਾਉਣੀ*

ਅਮਲਾਂ ਤੇ ਹੋਣ ਗੇ ਨਬੇੜੇ
ਜ਼ਾਤ ਕਿਸੇ ਪੁਛਣੀ ਨਹੀਂ

25

ਐਵੇਂ ਭੁਲਿਆ ਫਿਰੇਂ ਅਣਜਾਣਾ
ਗੁਰੂ ਬਿਨਾਂ ਗਿਆਨ ਨਹੀਂ

26

ਸਿਰ ਧਰ ਕੇ ਤਲ਼ੀ ਤੇ ਆ ਜਾ
ਲੰਘਣਾ ਜੇ ਪ੍ਰੇਮ ਦੀ ਗਲ਼ੀ

27

ਹੀਰਾ ਜਨਮ ਅਮੋਲਕ ਤੇਰਾ
ਕੌਡੀਆਂ ਦੇ ਜਾਵੇ ਬਦਲੇ

28

ਹਉਮੇਂ ਵਾਲ਼ਾ ਰੋਗ ਬੁਰਾ
ਰੱਬਾ ਲੱਗ ਨਾ ਕਿਸੇ ਨੂੰ ਜਾਵੇ

---

* ਖੁਰਾ—ਪੈਰਾਂ ਦੇ ਨਿਸ਼ਾਨ

29
ਕਿਤੇ ਭੁੱਲ ਨਾ ਜਾਈਂ ਮਨਾ ਮੇਰਿਆ
ਮੋਤੀਆਂ ਦੇ ਮੰਦਰ ਦੇਖ ਕੇ

30
ਕਿੱਕਰਾਂ ਦੇ ਬੀਜ ਬੀਜ ਕੇ
ਕਿੱਥੋਂ ਮੰਗਦੈਂ ਦਸੌਂਗੀ ਦਾਖਾਂ

31
ਕਾਲ਼ੇ ਬੀਤਗੇ ਧੌਲ਼ਿਆਂ ਦੀ ਵਾਰੀ ਆਈ
ਅਜੇ ਵੀ ਨਾ ਨਾਮ ਜਪਦਾ

32
ਕਾਹਨੂੰ ਚੱਕਦੈਂ ਬਗਾਨੇ ਭੂਰੇ
ਆਪੇ ਤੈਨੂੰ ਰੱਬ ਦਿਊਗਾ

33
ਖਿਹ ਮਰਦੇ ਬਾਹਮਣ ਮੁਲਾਣੇ
ਸੱਚ ਤਾਂ ਕਿਨਾਰੇ ਰਹਿ ਗਿਆ

34
ਅੱਲਾ, ਵਾਹਿਗੁਰੂ, ਖ਼ੁਦਾ ਦਾ ਨਾਮ ਇੱਕੋ ਐ
ਭਰਮਾਂ 'ਚ ਪੈਗੀ ਦੁਨੀਆਂ

35
ਖਾਲੀ ਜਾਂਦੇ ਨਾਮ ਦੇ ਬਿਨਾਂ
ਮੰਦਰਾਂ ਹਵੇਲੀਆਂ ਵਾਲ਼ੇ

36
ਚੜ੍ਹ ਜਾ ਨਾਮ ਦੇ ਬੇੜੇ
ਜੇ ਤੈਂ ਪਾਰ ਲੰਘਣਾ

37
ਚਿੱਟੇ ਦੰਦਾਂ ਦੇ ਬਣਨਗੇ ਕੋਲੇ
ਹੱਡੀਆਂ ਦੀ ਰਾਖ ਬਣਜੂ

38
ਚੰਨਣ ਦੇਹ ਮੱਚਗੀ
ਕੇਸ ਮੱਚਗੇ ਦਹੀਂ ਦੇ ਪਾਲ਼ੇ

39
ਜਿੰਦੇ ਮੇਰੀਏ ਖਾਕ ਦੀਏ ਢੇਰੀਏ
ਖਾਕ ਵਿਚ ਰੁਲ਼ਜੇਂਗੀ

40

ਜਿੰਦੇ ਹੰਸਣੀਏ
ਤੇਰੀ ਕੱਲਰ ਮਿੱਟੀ ਦੀ ਢੇਰੀ

41

ਜਾਗੋ ਜਾਗੋ ਜ਼ਮੀਂਦਾਰ ਭਰਾਵੋ
ਲਾਗੀਆਂ ਨੇ ਰੱਬ ਲੁੱਟਿਆ

42

ਜਿਹੜੇ ਚੜ੍ਹਗੇ ਨਾਮ ਦੇ ਬੇੜੇ
ਸੋਈ ਲੋਕ ਪਾਰ ਲੰਘਣੇ

43

ਜਿਹੜੀ ਸੰਤਾਂ ਨਾਲ਼ ਵਿਹਾਵੇ
ਸੋਈ ਹੈ ਸੁਲੱਖਣੀ ਘੜੀ

44

ਤੇਰਾ ਚੰਮ ਨਾ ਕਿਸੇ ਕੰਮ ਆਵੇ
ਪਸ਼ੂਆਂ ਦੇ ਹੱਡ ਵਿਕਦੇ

45

ਤੇਰੇ ਦਿਲ ਦੀ ਮੈਲ਼ ਨਾ ਜਾਵੇ
ਨ੍ਹਾਉਂਦਾ ਫਿਰੇਂ ਤੀਰਥਾਂ 'ਤੇ

46

ਤੈਨੂੰ ਰੋਗ ਦਾ ਪਤਾ ਨਾ ਕੋਈ
ਵੈਦਾ ਮੇਰੀ ਬਾਂਹ ਛੱਡ ਦੇ

47

ਤੇਰੀ ਚੁੱਕ ਨਾ ਮਸੀਤ ਲਜਾਣੀ
ਰਾਹੀਆਂ ਨੇ ਰਾਤ ਕੱਟਣੀ

48

ਤੇਰੇ ਘਰ ਪਰਮੇਸ਼ਰ ਆਇਆ
ਸੁੱਤਿਆ ਤੂੰ ਜਾਗ ਬੰਦਿਆ

49

ਤੂੰ ਕਿਹੜਿਆਂ ਰੰਗਾਂ ਵਿਚ ਖੇਡੇਂ
ਮੈਂ ਕੀ ਜਾਣਾ ਤੇਰੀ ਸਾਰ ਨੂੰ

50

ਧੰਨ ਜੋਬਨ ਫੁੱਲਾਂ ਦੀਆਂ ਬਾੜੀਆਂ
ਸਦਾ ਨਾ ਆਬਾਦ ਰਹਿਣੀਆਂ

51
ਕਬਰਾਂ ਉਡੀਕ ਦੀਆਂ
ਜਿਉਂ ਪੁੱਤਰਾਂ ਨੂੰ ਮਾਵਾਂ
52
ਪਾਪੀ ਰੋਂਦੇ ਨੇ ਛੱਪੜ ਤੇ ਖੜ੍ਹ ਕੇ
ਧਰਮੀ ਬੰਦੇ ਪਾਰ ਲੰਘਗੇ
53
ਫ਼ਲ ਨੀਵਿਆਂ ਰੁੱਖਾਂ ਨੂੰ ਲੱਗਦੇ
ਸਿੰਬਲਾ ਤੂੰ ਮਾਣ ਨਾ ਕਰੀਂ
54
ਬਾਝ ਪੁੱਤਰਾਂ ਗਤੀ ਨੀ ਹੋਣੀ
ਪੁੱਤਰੀ ਮੈਂ ਰਾਜੇ ਰਘੂ ਦੀ
55
ਬਾਹਲ਼ੀਆਂ ਜਗੀਰਾਂ ਵਾਲ਼ੇ
ਖ਼ਾਲੀ ਹੱਥ ਜਾਂਦੇ ਦੇਖ ਲੈ
56
ਜੀਹਨੇ ਕਾਲ਼ ਪਾਵੇ ਨਾਲ਼ ਬੰਨ੍ਹਿਆਂ
ਇਕ ਦਿਨ ਚਲਦਾ ਹੋਇਆ
57
ਮੇਲੇ ਹੋਣਗੇ ਸੰਜੋਗੀ ਰਾਮਾਂ
ਨਦੀਆਂ ਦੇ ਨੀਰ ਵਿਛੜੇ
58
ਮਿੱਠੇ ਬੇਰ ਨੇ ਬੇਰੀਏ ਤੇਰੇ
ਸੰਗਤਾਂ ਨੇ ਇੱਟ ਮਾਰਨੀ
59
ਰੋਟੀ ਦਿੰਦਾ ਹੈ ਪੱਥਰ ਵਿਚ ਕੀੜੇ ਨੂੰ
ਤੈਨੂੰ ਕਿਉਂ ਨਾ ਦੇਵੇ ਬੰਦਿਆ
60
ਲੁੱਟ ਲੁੱਟ ਲੋ ਨਸੀਬਾਂ ਵਾਲਿਓ
ਲੁਟ ਪੈਗੀ ਰਾਮ ਨਾਮ ਦੀ
61
ਵੇਲ਼ਾ ਬੀਤਿਆ ਹੱਥ ਨੀ ਜੇ ਆਉਣਾ
ਪੁੱਛ ਲੈ ਸਿਆਣਿਆਂ ਨੂੰ

62

*ਅਰਜੋਈ*

ਸੱਜਣ ਸੁਆਮੀ ਮੇਰਾ
ਮਿੱਠੇ ਮਿੱਠੇ ਬੋਲ ਬੋਲਦਾ

63

ਸਾਡੇ ਜਲਣ ਪ੍ਰੇਮ ਦੇ ਦੀਵੇ
ਰੱਤੀਆਂ ਮੈਂ ਤੇਰੇ ਨਾਮ ਦੀ

64

ਸਿਰ ਵਢ੍ਹ ਕੇ ਬਣਾ ਦਿਆਂ ਮੂਹੜਾ
ਸੰਗਤਾਂ ਦੇ ਬੈਠਣੇ ਨੂੰ

65

ਸਾਥੋਂ ਭੁੱਖਿਆਂ ਨਾ ਭਗਤੀ ਹੋਵੇ
ਆਹ ਲੈ ਸਾਂਭ ਮਾਲ਼ਾ ਆਪਣੀ

66

ਜਿਥੇ ਮਨ ਡੋਲਦਾ ਦਿਸੇ
ਓਥੇ ਦੇ ਲਈਏ ਨਾਮ ਦਾ ਹੋੜਾ*

67

ਝੋਲ਼ੀ ਅੱਡ ਕੇ ਦੁਆਰੇ ਤੇਰੇ ਆ ਗਿਆ
ਖੈਰ ਪਾ ਦੇ ਬੰਦਗੀ ਦਾ

68

ਢੇਰੀਆਂ ਮੈਂ ਸੱਭੇ ਢਾਹ ਕੇ
ਇਕ ਰੱਖ ਲੀ ਗੁਰੂ ਜੀ ਤੇਰੇ ਨਾਮ ਦੀ

69

ਤੇਰੇ ਨਾਮ ਬਰਾਬਰ ਹੈ ਨੀ
ਖੰਡ ਮਖਿਆਲ ਮਿਸ਼ਰੀ

70

ਤੇਰੇ ਨਾਮ ਬਿਨਾ ਨਾ ਗੱਤ ਹੋਵੇ
ਆਸਰਾ ਤੇਰੇ ਚਰਨਾਂ ਦਾ

71

ਤੇਰੇ ਦਰ ਤੋਂ ਬਿਨਾ ਨਾ ਦਰ ਕੋਈ
ਕੀਹਦੇ ਦੁਆਰੇ ਜਾਵਾਂ ਵਾਹਿਗੁਰੂ

---

* ਹੋੜਾ—ਥੰਮੀ, ਸਹਾਰਾ, ਆਸਰਾ

72

ਦੋ ਨੈਣ ਲੋਚਦੇ ਮੇਰੇ
ਗੁਰੂ ਜੀ ਤੇਰੇ ਦਰਸ਼ਨ ਨੂੰ

73

ਪਿੰਗਲਾ ਪਹਾੜ ਚੜ੍ਹ ਜਾਵੇ
ਕਿਰਪਾ ਹੋਵੇ ਤੇਰੀ ਦਾਤਾ ਜੀ

74

ਮੇਰੇ ਵਿਚ ਨਾ ਗੁਰੂ ਜੀ ਗੁਣ ਕੋਈ
ਔਗੁਣਾਂ ਦਾ ਮੈਂ ਭਰਿਆ

## ਧਰਤੀ ਦੇ ਲਾਲ

75

*ਅੰਬ*

ਕਿਹੜੇ ਯਾਰ ਦੇ ਬਾਗ਼ 'ਚੋਂ ਨਿਕਲ਼ੀ
ਮੁੰਡਾ ਰੋਵੇ ਅੰਬੀਆਂ ਨੂੰ

76

ਕਿਤੇ ਬਾਗ਼ ਨਜ਼ਰ ਨਾ ਆਵੇ
ਮੁੰਡਾ ਰੋਵੇ ਅੰਬੀਆਂ ਨੂੰ

77

ਛੱਡ ਕੇ ਦੇਸ ਦੁਆਬਾ
ਅੰਬੀਆਂ ਨੂੰ ਤਰਸੇਂਗੀ

78

ਕਾਹਨੂੰ ਮਾਰਦੈਂ ਜੱਟਾ ਲਲਕਾਰੇ
ਤੇਰੇ ਕਿਹੜੇ ਅੰਬ ਤੋੜ ਲੇ

79

*ਸੂਰੂ*

ਮੇਰਾ ਯਾਰ ਨੀ ਸਰੂ ਦਾ ਬੂਟਾ
ਵਿਹੜੇ ਵਿਚ ਲਾ ਰੱਖਦੀ

80

ਮੇਰਾ ਯਾਰ ਨੀ ਸਰੂ ਦਾ ਬੂਟਾ
ਰੱਬ ਕੋਲ਼ੋਂ ਲਿਆਈ ਮੰਗ ਕੇ

81

*ਹਰਮਲ*

ਡਿੱਗ ਪਈ ਹਰਮਲ ਤੋਂ
ਮੇਰੀ ਖ਼ਬਰ ਲੈਣ ਨਾ ਆਇਆ

82

*ਕਿੱਕਰ*

ਓਥੇ ਕਿੱਕਰਾਂ ਨੂੰ ਲੱਗਦੇ ਮੋਤੀ
ਜਿਥੋਂ ਮੇਰਾ ਵੀਰ ਲੰਘਦਾ

83

ਚਲ ਮਾਲਵੇ ਦੇਸ ਨੂੰ ਚੱਲੀਏ
ਜਿਥੇ ਕਿੱਕਰਾਂ ਨੂੰ ਅੰਬ ਲਗਦੇ

84
ਤੈਨੂੰ ਸਖੀਆਂ ਮਿਲਣ ਨਾ ਆਈਆਂ
ਕਿੱਕਰਾਂ ਨੂੰ ਪਾ ਲੈ ਜੱਫੀਆਂ

85
ਯਾਰ ਰੋਣ ਕਿੱਕਰਾਂ ਦੀ ਛਾਵੇਂ
ਗੱਡੀ ਵਿਚ ਮੈਂ ਰੋਵਾਂ

86
ਛੇਤੀ ਛੇਤੀ ਵੱਧ ਕਿੱਕਰੇ
ਅਸੀਂ ਸੱਸ ਦਾ ਸੰਦੂਕ ਬਣਾਉਣਾ

87
ਕਿੱਕਰੇ ਡਿਗ ਨਾ ਪਈਂ
ਤੇਰੇ ਹੇਠ ਪਿਆ ਪਟਵਾਰੀ

88
ਤੈਨੂੰ ਕੀ ਲੱਗਦਾ ਮੁਟਿਆਰੇ
ਕਿੱਕਰਾਂ ਨੂੰ ਫੁੱਲ ਲੱਗਦੇ

89
ਮੇਰੇ ਜੇਠ ਦੇ ਪੁੱਠੇ ਦਿਨ ਆਏ
ਕਿੱਕਰਾਂ ਨੂੰ ਪਾਵੇ ਜੱਫੀਆਂ

90
ਤੇਰੀ ਥਾਂ ਮੈਂ ਮਿਣਦੀ
ਤੂੰ ਬੈਠ ਕਿੱਕਰਾਂ ਦੀ ਛਾਵੇਂ

91
ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ
ਵਿਆਹ ਕੇ ਲੈ ਗਿਆ ਤੂਤ ਦੀ ਛਟੀ

92
ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲ਼ਾ
ਬਾਪੂ ਦੇ ਪਸੰਦ ਆ ਗਿਆ

93

*ਕਰੀਰ ਤੇ ਬਣ*

ਆਮ ਖਾਸ ਨੂੰ ਡੇਲੇ*
ਮਿੱਤਰਾਂ ਨੂੰ ਖੰਡ ਦਾ ਕੜਾਹ

---

* ਡੇਲੇ—ਕਰੀਰ ਦਾ ਫਲ਼

94
ਮੋੜ ਬੰਦ ਮਿੱਤਰਾਂ ਦੇ
ਜਿਹੜੇ ਲਏ ਸੀ ਬਣਾਂ ਦੇ ਉਹਲੇ

95
ਬੈਠੀ ਰੋਵੇਂਗੀ ਬਣਾਂ ਦੇ ਓਹਲੇ
ਪਿਆਰੇ ਗੱਡੀ ਚੜ੍ਹ ਜਾਣਗੇ

96
ਮਰ ਗਈ ਨੂੰ ਰੁੱਖ ਰੋ ਰਹੇ
ਅੱਕ ਢੱਕ ਤੇ ਕਰੀਰ ਜੰਡ ਬੇਰੀਆਂ

97
*ਕੱਚੀ ਕੈਲ*

ਕੱਚੀ ਕੈਲ ਵੇ ਲਚਕ ਟੁੱਟ ਜਾਵਾਂ
ਪੱਲੇ ਪੈ ਗੀ ਸੂਰਦਾਸ ਦੇ

98
ਕੱਚੀ ਕੈਲ ਉਮਰ ਦੀ ਨਿਆਣੀ
ਪੱਟੀ ਤੇਰੇ ਲੱਡੂਆਂ ਨੇ

99
ਕੱਚੀਆਂ ਕੈਲਾਂ ਨੂੰ
ਜੀ ਸਭਨਾਂ ਦਾ ਕਰਦਾ

100
*ਚੰਦਨ*

ਮੁੰਡਾ ਸੁੱਕ ਗਿਆ ਚੰਦਨ ਦਾ ਬੂਟਾ
ਤੇਰੇ ਪਿੱਛੇ ਗੋਰੀਏ ਰੰਨੇ

101
ਰੱਤਾ ਪਲੰਘ ਚੰਦਨ ਦੇ ਪਾਵੇ
ਤੋੜ ਤੋੜ ਖਾਣ ਹੱਡੀਆਂ

102
*ਚੰਬਾ ਕਲੀ*

ਹੱਸਦੀ ਨੇ ਫੁੱਲ ਮੰਗਿਆ
ਸਾਰਾ ਬਾਗ਼ ਹਵਾਲੇ ਕੀਤਾ

103
ਜੇ ਨਾ ਮੁਕਲਾਵੇ ਜਾਂਦੀ
ਰਹਿੰਦੀ ਫੁੱਲ ਵਰਗੀ

104
ਝੁਕ ਕੇ ਚੱਕ ਲੈ ਪਤਲੀਏ ਨਾਰੇ
ਪਾਣੀ ਉੱਤੇ ਫੁੱਲ ਤਰਦਾ

105
ਤਾਹੀਓਂ ਕਲੀਆਂ ਸ਼ਰਮ ਨਾਲ਼ ਝੁਕੀਆਂ
ਬਾਗ਼ ਵਿਚੋਂ ਲੰਘੀ ਹੱਸ ਕੇ

106
ਫੁੱਲ ਤੋੜ ਕੇ ਕਦੀ ਨਾ ਖਾਂਦੇ
ਭੌਰ ਭੁੱਖੇ ਵਾਸ਼ਨਾ ਦੇ

107
ਮੇਰਾ ਯਾਰ ਚੰਬੇ ਦੀ ਮਾਲ਼ਾ
ਦਿਲ ਵਿਚ ਰਹੇ ਮਹਿਕਦਾ

108
ਰੌਂ ਗਿਆ ਹੱਡਾਂ ਵਿਚ ਸਾਰੇ
ਸੁੰਘਿਆ ਸੀ ਫੁੱਲ ਕਰਕੇ

109
*ਜੰਡ*
ਮੈਨੂੰ ਕੱਲੀ ਨੂੰ ਚੁਬਾਰਾ ਪਾ ਦੇ
ਰੋਹੀ ਵਾਲ਼ਾ ਜੰਡ ਵੱਢ ਕੇ

110
ਮਰ ਗੀ ਨੂੰ ਰੁੱਖ ਰੋਣ ਗੇ
ਅੱਕ ਢੱਕ ਤੇ ਕਰੀਰ ਜੰਡ ਬੇਰੀਆਂ

111
*ਤੂਤ*
ਜੰਡ ਸਰੀਂਹ ਨੂੰ ਦੱਸੇ
ਤੂਤ ਨਹੀਓਂ ਮੂੰਹੋਂ ਬੋਲਦਾ

112
ਯਾਰੀ ਜੱਟ ਦੀ ਤੂਤ ਦਾ ਮੋਛਾ
ਕਦੇ ਨਾ ਵਿਚਾਲਿਓਂ ਟੁੱਟਦੀ

113
ਬੰਤੋ ਬਣ ਬੱਕਰੀ
ਜੱਟ ਬਣਦਾ ਤੂਤ ਦਾ ਟਾਹਲਾ

114

ਨੀ ਮੈਂ ਲਗਰ ਤੂਤ ਦੀ
ਲੜ ਮਧਰੇ ਦੇ ਲਾਈ

115

*ਟਾਹਲੀ*

ਕੱਲੀ ਹੋਵੇ ਨਾ ਬਣਾਂ ਵਿਚ ਟਾਹਲੀ
ਕੱਲਾ ਨਾ ਹੋਵੇ ਪੁੱਤ ਜੱਟ ਦਾ

116

ਟਾਹਲੀ ਉੱਤੋਂ ਬੋਲ ਤੋਤਿਆ
ਕਦੋਂ ਹੋਣਗੇ ਸਜਣ ਨਾਲ਼ ਮੇਲੇ

117

ਮੁੰਡਿਆ ਵੇ ਟਾਹਲੀ ਦਿਆ ਪਾਵਿਆ
ਤੇਰੇ ਉੱਤੇ ਮੈਂ ਮਰ ਗਈ

118

ਵੀਰ ਜਾ ਕੇ ਸੁਨਾਮੋਂ ਲਿਆਇਆ
ਚਰਖ਼ਾ ਟਾਹਲੀ ਦਾ

119

ਮੇਰੇ ਵੀਰ ਦੀ ਰੋਪਨਾ ਪੈਂਦੀ
ਟਾਹਲੀ ਉੱਤੋਂ ਬੋਲ ਤੋਤਿਆ

120

ਊਠਾਂ ਵਾਲ਼ਿਆਂ ਛਾਂਗ ਲਈ ਟਾਹਲੀ
ਤਿਪ ਤਿਪ ਰੋਣ ਅੱਖੀਆਂ

121

*ਨਿੰਮ*

ਕੌੜੀ ਨਿੰਮ ਨੂੰ ਪਤਾਸੇ ਲੱਗਦੇ
ਵਿਹੜੇ ਛੜਿਆਂ ਦੇ

122

ਨਿੰਮ ਹੇਠ ਕੱਤਿਆ ਕਰੂੰ
ਲੈ ਦੇ ਚਰਖ਼ਾ ਸ਼ੀਸ਼ਿਆਂ ਵਾਲ਼ਾ

123

ਤੇਰੀ ਸਿਖਰੋਂ ਪੀਂਘ ਟੁੱਟ ਜਾਵੇ
ਨਿੰਮ ਨਾਲ਼ ਝੂਟਦੀਏ

124
ਤੇਰੇ ਝੁਮਕੇ ਲੈਣ ਹੁਲਾਰੇ
ਨਿੰਮ ਨਾਲ਼ ਝੂਟਦੀਏ

125
ਤੋਤਾ ਪੀ ਗਿਆ ਗੁਲਾਬੀ ਰੰਗ ਤੇਰਾ
ਨਿੰਮ ਨਾਲ਼ ਝੂਟਦੀਏ

126
ਨਿੰਮ ਦਾ ਕਰਾ ਦੇ ਘੋਟਣਾ
ਕਿਤੇ ਸੱਸ ਕੁਟਣੀ ਬਣ ਜਾਵੇ

127
ਕਿਹੜੇ ਪਿੰਡ ਮੁਕਲਾਵੇ ਜਾਣਾ
ਨਿੰਮ ਦੇ ਸੰਦੂਕ ਵਾਲੀਏ

128
*ਨਿੰਬੂ*
ਦੋ ਨਿੰਬੂ ਪੱਕੇ ਘਰ ਤੇਰੇ
ਛੁੱਟੀ ਲੈ ਕੇ ਆ ਜਾ ਨੌਕਰਾ

129
ਮੈਨੂੰ ਸਾਹਿਬ ਛੁੱਟੀ ਨਾ ਦੇਵੇ
ਨਿੰਬੂਆਂ ਨੂੰ ਬਾੜ ਕਰ ਲੈ

130
ਦੋ ਨਿੰਬੂਆਂ ਨੇ ਪਾੜੀ
ਕੁੜਤੀ ਮਲਮਲ ਦੀ

131
ਨਿੰਬੂ ਅੰਬ ਅਰ ਬਾਣੀਆਂ
ਗਲ਼ ਘੁਟੇ ਰਸ ਦੇ

132
*ਪਿੱਪਲ਼*
ਪਿੱਪਲ਼ਾ ਦਸ ਦੇ ਵੇ
ਕਿਹੜਾ ਰਾਹ ਸੁਰਗਾਂ ਨੂੰ ਜਾਵੇ

133
*ਬੋਹੜ*
ਹੇਠ ਬਰੋਟੇ ਦੇ
ਦਾਤਣ ਕਰੇ ਸੁਨਿਆਰੀ

134

ਹੇਠ ਬਰੋਟੇ ਦੇ
ਸਾਨੂੰ ਰੱਬ ਦੇ ਦਰਸ਼ਨ ਹੋਏ

135

*ਬੇਰੀਆਂ*

ਚਿੱਤ ਬੱਕਰੀ ਲੈਣ ਨੂੰ ਕਰਦਾ
ਬੰਨੇ ਬੰਨੇ ਲਾ ਦੇ ਬੇਰੀਆਂ

136

ਬੇਰੀਆਂ ਦੇ ਬੇਰ ਮੁਕ ਗੇ
ਦਸ ਕਿਹੜੇ ਬਹਾਨੇ ਆਵਾਂ

137

ਸਾਨੂੰ ਬੇਰੀਆਂ ਦੇ ਬੇਰ ਪਿਆਰੇ
ਨਿਉਂ ਨਿਉਂ ਚੁਕ ਗੋਰੀਏ

138

ਮਿੱਠੇ ਬੇਰ ਫੇਰ ਨੀ ਥਿਆਉਣੇ
ਸਾਰਾ ਸਾਲ ਡੀਕਦੀ ਰਹੀਂ

139

ਮਿੱਠੇ ਬੇਰ ਬੇਰੀਏ ਤੇਰੇ
ਸੰਗਤਾਂ ਨੇ ਇੱਟ ਮਾਰਨੀ

140

ਮਿੱਠੇ ਬੇਰ ਸੁਰਗ ਦਾ ਮੇਵਾ
ਕੋਲ਼ ਬਹਿ ਕੇ ਚੁਗ ਮਿੱਤਰਾ

141

ਮਿੱਠੇ ਯਾਰ ਦੇ ਬਰੋਬਰ ਬਹਿ ਕੇ
ਮਿੱਠੇ ਮਿੱਠੇ ਬੇਰ ਚੁਗੀਏ

142

ਅਜੇ ਆਇਆ ਨਾ ਢੋਲ ਸਿਪਾਹੀ
ਬੇਰੀਆਂ ਦੇ ਬੇਰ ਪੱਕਗੇ

143

ਬੇਰੀਆਂ ਦੇ ਬੇਰ ਪੱਕਗੇ
ਰੁਤ ਯਾਰੀਆਂ ਲਾਉਣ ਦੀ ਆਈ

144

ਭਾਬੀ ਤੇਰੀ ਗਲ੍ਹ ਵਰਗਾ
ਮੈਂ ਬੇਰੀਆਂ 'ਚੋਂ ਬੇਰ ਲਿਆਂਦਾ

145

ਮੈਨੂੰ ਬੇਰੀਆਂ 'ਚੋਂ ਬੇਰ ਥਿਆਇਆ
ਭਾਬੀ ਤੇਰੀ ਗਲ੍ਹ ਵਰਗਾ

146

ਬੇਰੀਆਂ ਦੇ ਬੇਰ ਖਾਣੀਏਂ
ਗੋਰੇ ਰੰਗ ਤੇ ਝਰੀਟਾਂ ਆਈਆਂ

147

ਬੇਰੀਆਂ ਨੂੰ ਬੇਰ ਲੱਗ ਗੇ
ਤੈਨੂੰ ਕੁਝ ਨਾ ਲੱਗਾ ਮੁਟਿਆਰੇ

148

ਵੇਲ

ਕੁੜੀ ਪੱਟ ਦੀ ਤਾਰ ਦਾ ਬਾਟਾ
ਦੂਹਰੀ ਹੋਈ ਵੇਲ ਦਿਸੇ

149

ਤੈਨੂੰ ਯਾਰ ਰੱਖਣਾ ਨਾ ਆਇਆ
ਵਧਗੀ ਵੇਲ ਜਹੀ

## ਫ਼ਸਲਾਂ

150

*ਇੱਖ*

ਗੰਨੇ ਚੂਪ ਲੈ ਜੱਟਾਂ ਦੇ ਪੋਲੇ
ਲੱਡੂ ਖਾ ਲੈ ਬਾਣੀਆਂ ਦੇ

151

ਕਾਲ਼ੀ ਤਿੱਤਰੀ ਕਮਾਦੋਂ ਨਿਕਲ਼ੀ
ਉਡਦੀ ਨੂੰ ਬਾਜ ਪੈ ਗਿਆ

152

*ਅਲਸੀ*

ਮੇਰੀ ਨਣਦ ਚੱਲੀ ਮੁਕਲਾਵੇ
ਅਲ਼ਸੀ ਦੇ ਫੁੱਲ ਵਰਗੀ

153

*ਸਰ੍ਹੋਂ*

ਸਰਵਾਂ ਫੁੱਲੀਆਂ ਤੋਂ
ਕਦੀ ਜੱਟ ਦੇ ਖੇਤ ਨਾ ਜਾਈਏ

154

ਕਿਹੜੀ ਐਂ ਨੀ ਸਾਗ ਤੋੜਦੀ
ਹੱਥ ਸੋਚ ਕੇ ਗੰਦਲ਼ ਨੂੰ ਪਾਈਂ

155

ਕਾਹਨੂੰ ਮਾਰਦੈ ਜੱਟਾ ਲਲਕਾਰੇ
ਤੇਰੇ ਕਿਹੜੇ ਅੰਬ ਤੋੜ ਲੇ

156

ਕੀ ਲੈਣੈ ਸ਼ਹਿਰਨ ਬਣ ਕੇ
ਸਾਗ ਨੂੰ ਤਰਸੇਂ ਗੀ

157

ਕਾਹਨੂੰ ਆ ਗਿਐਂ ਸਰ੍ਹੋਂ ਦਾ ਫੁੱਲ ਬਣ ਕੇ
ਮਾਪਿਆਂ ਨੇ ਤੋਰਨੀ ਨਹੀਂ

158
ਤੋਤੇ ਰੰਗੀ ਪੱਗ ਬੰਨ੍ਹ ਕੇ
ਮੁੰਡਾ ਲੈ ਗਿਆ ਸਰ੍ਹੋਂ ਦੇ ਫੁੱਲ ਵਰਗੀ
159
ਕੁੜੀ ਲੈ ਗਿਆ ਸਰ੍ਹੋਂ ਦੇ ਫੁੱਲ ਵਰਗੀ
ਮੁੰਡਾ ਕਾਲ਼ੇ ਨਾਗ ਵਰਗਾ
160
ਤੈਨੂੰ ਗੰਦਲ਼ਾਂ ਦਾ ਸਾਗ ਤੁੜਾਵਾਂ
ਸਰ੍ਹੋਂ ਵਾਲ਼ੇ ਆ ਜੀਂ ਖੇਤ ਨੂੰ
161
ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ
ਓਦੋਂ ਕਿਉਂ ਨਾ ਆਇਆ ਮਿੱਤਰਾ
162
ਕੁੜੀ ਆਈ ਜਾਂ ਸਰ੍ਹੋਂ ਦਾ ਫੁੱਲ ਬਣ ਕੇ
ਭੱਠੀ ਤੇ ਭੁਚਾਲ਼ ਆ ਗਿਆ
163
ਯਾਰੀ ਪਿੰਡ ਦੀ ਕੁੜੀ ਨਾਲ਼ ਲਾਈਏ
ਸਰ੍ਹਵਾਂ ਫੁੱਲੀਆਂ ਤੇ
164
*ਕਪਾਹ*
ਆਪੇ ਲਿਫ ਜਾ ਕਪਾਹ ਦੀਏ ਛਟੀਏ
ਪਤਲੋ ਦੀ ਬਾਂਹ ਥੱਕਗੀ
165
ਹਾੜ੍ਹੀ ਵੱਢ ਕੇ ਬੀਜ ਦੇ ਨਰਮਾ
ਚੁਗਣੇ ਨੂੰ ਮੈਂ ਤਕੜੀ
166
ਤੇਰੀ ਲੱਗਣ ਕਪਾਹ ਨੂੰ ਟੀਂਡੇ
ਤਾਰਾ ਰਾਰਾ ਬੋਲ ਜੱਟੀਏ
167
ਕੱਤੇ ਦੀ ਕਪਾਹ ਵੇਚ ਕੇ
ਮੇਰਾ ਮਾਮਲਾ ਨਾ ਹੋਇਆ ਪੂਰਾ
168
ਤਾਰੋ ਹੱਸਦੀ ਖੇਤ 'ਚੋਂ ਲੰਘਗੀ
ਜੱਟ ਦੀ ਕਪਾਹ ਖਿੜਗੀ

169
ਮਲਮਲ ਵੱਟ 'ਤੇ ਖੜ੍ਹੀ
ਚਿੱਟਾ ਚਾਦਰਾ ਕਪਾਹ ਨੂੰ ਗੋਡੀ ਦੇਵੇ

170
ਪਰ੍ਹੇ ਹਟ ਜਾ ਕਪਾਹ ਦੀਏ ਛਟੀਏ
ਪਤਲੋ ਨੂੰ ਲੰਘ ਜਾਣ ਦੇ

171
ਭਲ਼ਕੇ ਕਪਾਹ ਦੀ ਬਾਰੀ
ਵੱਟੋ ਵੱਟ ਆ ਜੀਂ ਮਿੱਤਰਾ

172
*ਕਮਾਦ*
ਗੰਨੇ ਚੂਪ ਲੈ ਜੱਟਾਂ ਦੇ ਪੋਲੇ
ਲੱਡੂ ਖਾ ਲੈ ਬਾਣੀਆਂ ਦੇ

173
ਕਾਲ਼ੀ ਤਿਤਰੀ ਕਮਾਦੋਂ ਨਿਕਲ਼ੀ
ਉਡਦੀ ਨੂੰ ਬਾਜ ਪੈ ਗਿਆ

174
*ਕਰੇਲੇ*
ਗੰਢੇ ਤੇਰੇ ਕਰੇਲੇ ਮੇਰੇ
ਖੂਹ ਤੇ ਮੰਗਾ ਲੈ ਰੋਟੀਆਂ

175
ਗੰਢੇ ਤੇਰੇ ਕਰੇਲੇ ਮੇਰੇ
ਰਲ਼ ਕੇ ਤੜਕਾਂਗੇ

176
*ਕੱਦੂ*
ਮੇਰੀ ਮਚਗੀ ਕੱਦੂ ਦੀ ਤਰਕਾਰੀ
ਆਇਆ ਨਾ ਪਰੇਟ ਕਰਕੇ

177
ਗੋਰੀ ਗੱਲ੍ਹ ਦਾ ਬਣੇ ਖਰਬੂਜ਼ਾ
ਡੰਡੀਆਂ ਦੀ ਵੇਲ ਬਣਜੇ

178
*ਚਰ੍ਹੀ*
ਅੱਖ ਮਾਰ ਕੇ ਚਰ੍ਹੀ ਵਿਚ ਬੜਗੀ
ਐਡਾ ਕੀ ਜ਼ਰੂਰੀ ਕੰਮ ਸੀ

179

ਕਾਲ਼ਾ ਨਾਗ ਨੀ ਚਰ੍ਹੀ ਵਿਚ ਮੇਹਲੇ
ਬਾਹਮਣੀ ਦੀ ਗੁੱਤ ਵਰਗਾ

180

ਮੇਰੀ ਡਿਗ ਪੀ ਚਰ੍ਹੀ ਵਿਚ ਗਾਨੀ
ਚੱਕ ਲਿਆ ਮੋਰ ਬਣ ਕੇ

181

*ਛੋਲੇ*

ਚੰਦਰੇ ਜੇਠ ਦੇ ਛੋਲੇ
ਕਦੇ ਨਾ ਲਿਆਈ ਸਾਗ ਤੋੜ ਕੇ

182

ਚੰਦਰੇ ਜੇਠ ਦੇ ਛੋਲੇ
ਕਦੇ ਨਾ ਧੀਏ ਜਾਈਂ ਸਾਗ ਨੂੰ

183

*ਬੱਲੀਏ ਕਣਕ ਦੀਏ*

ਅਸੀਂ ਯਾਰ ਦੀ ਤਰੀਕੇ ਜਾਣਾ
ਕਣਕ ਦੇ ਲਾਹਦੇ ਫੁਲਕੇ

184

ਉਠ ਗਿਆ ਮਿਰਕਣ ਨੂੰ
ਕਣਕ ਵੇਚ ਕੇ ਸਾਰੀ

185

ਉਡਗੀ ਕਬੂਤਰ ਬਣ ਕੇ
ਹਰੀਆਂ ਕਣਕਾਂ 'ਚੋਂ

186

ਤੇਰੀ ਮੇਰੀ ਇਉਂ ਲੱਗ ਗੀ
ਜਿਉਂ ਲੱਗਿਆ ਕਣਕ ਦਾ ਦਾਣਾ

187

ਜੱਟ ਸ਼ਾਹਾਂ ਨੂੰ ਘੰਗੂਰੇ ਮਾਰੇ
ਕਣਕਾਂ ਨਿੱਸਰ ਦੀਆਂ

188

ਪਾਣੀ ਦੇਣਗੇ ਰੁਮਾਲਾਂ ਵਾਲ਼ੇ
ਬੱਲੀਏ ਕਣਕ ਦੀਏ

189

ਬੱਲੀਏ ਕਣਕ ਦੀਏ
ਤੈਨੂੰ ਖਾਣ ਗੇ ਨਸੀਬਾਂ ਵਾਲ਼ੇ

190

*ਭੱਖੜਾ*

ਗੋਦੀ ਚੁੱਕ ਲੈ ਮਲਾਜੇਦਾਰਾ[1]
ਪੈਰ ਖਾ ਲੇ ਭੱਖੜੇ ਨੇ

191

*ਮੋਠ ਬਾਜਰਾ*

ਮੀਂਹ ਪਾ ਦੇ ਲਾ ਦੇ ਝੜੀਆਂ
ਬੀਜ ਲਈਏ ਮੋਠ ਬਾਜਰਾ

192

ਰੁੱਤ ਗਿੱਧਾ ਪਾਉਣ ਦੀ ਆਈ
ਲੱਕ ਲੱਕ ਹੋ ਗੇ ਬਾਜਰੇ

193

*ਮੂੰਗਰੇ*

ਮੈਂ ਮੂੰਗਰੇ ਤੜਕ ਕੇ ਲਿਆਈ
ਰੋਟੀ ਖਾ ਲੈ ਔਤ ਟੱਬਰਾ

194

*ਮੱਕੀ*

ਦਾਣੇ ਚੱਬ ਲੈ ਪਤੀਲੇ ਦਿਆ ਢੱਕਣਾ
ਰੋਟੀ ਮੇਰਾ ਯਾਰ ਖਾ ਗਿਆ

195

ਪੱਲਾ ਕੀਤਾ ਲੱਡੂਆਂ ਨੂੰ
ਪੱਟੂ ਸੁੱਟ ਗਿਆ ਮੱਕੀ ਦੇ ਦਾਣੇ

196

ਮੇਰਾ ਯਾਰ ਮੱਕੀ ਦਾ ਰਾਖਾ
ਡੱਬ[2] 'ਚ ਲਿਆਵੇ ਛੱਲੀਆਂ

197

ਮੇਰੇ ਯਾਰ ਨੇ ਖਿੱਲਾਂ ਦੀ ਮੁੱਠ ਮਾਰੀ
ਚੁਗ ਲੌ ਨੀ ਕੁੜੀਓ

---

1. ਮਲਾਹਜ਼ੇਦਾਰ—ਮਿੱਤਰ
2. ਡੱਬ—ਚਾਦਰੇ ਦਾ ਲਾਂਗੜ

198
ਯਾਰੀ ਝਿਊਰਾਂ ਦੀ ਕੁੜੀ ਨਾਲ਼ ਲਾਈਏ
ਤੱਤੀ ਤੱਤੀ ਖਿੱਲ ਚੱਬੀਏ

199
ਲੈ ਲੈ ਛੱਲੀਆਂ ਭਨਾ ਲੈ ਦਾਣੇ
ਘਰ ਤੇਰਾ ਦੂਰ ਮਿੱਤਰਾ

200
ਕਿਸੇ ਗਲ ਤੇ ਯਾਰ ਪਰਤਿਆਈਏ
ਛੱਲੀਆਂ ਤੇ ਰੁੱਸ ਨਾ ਬਹੀਏ

201
ਛੜੇ ਪੈਣਗੇ ਮੱਕੀ ਦੀ ਰਾਖੀ
ਰੰਨਾਂ ਵਾ਼ਲ਼ੇ ਘਰ ਪੈਣਗੇ

202
ਅਸੀਂ ਤੇਰੇ ਨਾ ਚੱਬਣੇ
ਖ਼ੁਸ਼ਕ ਮੱਕੀ ਦੇ ਦਾਣੇ

## ਪਸ਼ੂ

203

*ਹੀਰਾ ਹਰਨ*

ਤੂੰ ਵੀ ਸਿਖ ਲੈ ਹੀਰਿਆ ਹਰਨਾ
ਤੋਰ ਕੁਆਰੀ ਦੀ

204

*ਘੋੜਾ*

ਘੋੜਾ ਮਰ ਜੈ ਜੱਕੇ ਵਾਲ਼ਿਆ ਤੇਰਾ
ਜੱਕੇ ਦੀਆਂ ਹੋਣ ਫਾੜੀਆਂ

205

ਜਿੰਦ ਜਾਂਦੀ ਐ ਕਾਲੀਆ ਮੇਰੀ
ਨੀਲਾ ਘੋੜਾ ਪੁੰਨ ਕਰ ਦੇ

206

ਜਿੰਦ ਬਖਸ਼ੇ ਵਾਹਿਗੁਰੂ ਤੇਰੀ
ਇਕ ਛੱਡ ਪੰਜ ਕਰਦਾਂ

207

ਬੱਗਾ ਘੋੜਾ ਵੇ ਵਕੀਲਾ ਤੈਨੂੰ
ਯਾਰ ਮੇਰਾ ਬਰੀ ਹੋ ਜਵੇ

208

*ਘੋੜੀ*

ਘੋੜੀ ਨੱਚਦੀ ਝਾਂਜਰਾਂ ਪਾ ਕੇ
ਕਰੇ ਰੀਸ ਕੁੜੀਆਂ ਦੀ

209

*ਚੂਹੀਆਂ*

ਠਾਣੇਦਾਰ ਨੇ ਲੱਸੀ ਦੀ ਮੰਗ ਪਾਈ
ਚੂਹੀਆਂ ਦੁੱਧ ਦਿੰਦੀਆਂ

210

*ਡੱਬੀ ਕੁੱਤੀ*

ਜਦੋਂ ਯਾਰ ਗਲ਼ੀ ਵਿਚ ਆਇਆ
ਡੱਬੀ ਕੁੱਤੀ ਭੌਂਕ ਪਈ

211

ਡੱਬੀ ਕੁੱਤੀ ਮੇਰੇ ਵੀਰ ਦੀ
ਠਾਣੇਦਾਰ ਦੀ ਕੁੜੀ ਨੂੰ ਚੁੱਕ ਲਿਆਵੇ

212

ਮੇਰਾ ਸਦਿਆ ਰਾਤ ਨੂੰ ਆਇਆ
ਡੱਬੀਏ ਨਾ ਭੌਂਕੀਂ

213

*ਬੋਤਾ / ਊਠ*

ਆਹ ਲੈ ਡੰਡੀਆਂ ਜੇਬ ਵਿਚ ਪਾ ਲੈ
ਬੋਤੇ ਉੱਤੇ ਕੰਨ ਦੁਖਦੇ

214

ਹੌਲੀ ਬੋਤਾ ਛੇੜ ਮਿੱਤਰਾ
ਮੇਰੇ ਸੱਜਰੇ ਬਨ੍ਹਾਏ ਕੰਨ ਦੁਖਦੇ

215

ਕਾਹਨੂੰ ਦਿੰਨੀ ਐ ਜੱਕੇ ਦਾ ਭਾੜਾ
ਬੋਤਾ ਲੈ ਜਾ ਮਿੱਤਰਾਂ ਦਾ

216

ਗੱਡਦੀ ਰੰਗੀਲ ਮੁੰਨੀਆਂ
ਬੋਤਾ ਬੰਨ੍ਹਦੇ ਸਰਵਣਾ ਵੀਰਾ

217

ਲੰਡੇ ਊਠ ਨੂੰ ਸ਼ਰਾਬ ਪਿਆਵੇ
ਭੈਣ ਬਖਤੌਰੇ ਦੀ

218

ਐਤਕੀਂ ਫ਼ਸਲ ਦੇ ਦਾਣੇ
ਲਾ ਦਈਂ ਵੀਰਾ ਬੱਗੇ ਊਠ ਤੇ

219

ਸੋਹਣੀ ਰੰਨ ਦੇ ਮੁਕੱਦਮੇ ਜਾਣਾ
ਊਠਣੀ ਸ਼ਿੰਗਾਰ ਮੁੰਡਿਆ

220

ਸੋਨੇ ਦੇ ਤਵੀਤ ਵਾਲ਼ਿਆ
ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ

221

ਛਪੜੀ 'ਚ ਘਾ ਮੱਲਿਆ
ਬੋਤਾ ਚਾਰ ਲੈ ਸਰਵਣਾ ਵੀਰਾ

222
ਜਦੋਂ ਵੇਖ ਲਿਆ ਵੀਰ ਦਾ ਬੋਤਾ
ਮਲ ਵਾਂਗੂੰ ਪੈਰ ਧਰਦੀ

223
ਜਿਉਂ ਕਾਲ਼ੀਆਂ ਘਟਾਂ ਵਿਚ ਬਗਲਾ
ਬੋਤਾ ਮੇਰੇ ਵੀਰੇ ਦਾ

224
ਪਾਣੀ ਪੀ ਗਿਆ ਯਾਰ ਦਾ ਬੋਤਾ
ਕੱਢਦੀ ਮੈਂ ਥੱਕ ਗੀ

225
ਜਾਣਾ ਹਦਰ ਸ਼ੇਖ਼ ਦੇ ਮੇਲੇ
ਬੋਤੇ ਨੂੰ ਸ਼ਿੰਗਾਰ ਮੁੰਡਿਆ

226
ਬੁੱਕਦਾ ਸੁੰਦਰ ਦਾ ਬੋਤਾ
ਮੇਰੇ ਭਾ ਦਾ ਕੋਲ ਬੋਲਦੀ

227
ਬੋਤਾ ਛੱਡ ਕੇ ਝਾਂਜਰਾਂ ਵਾਲ਼ਾ
ਰਾਮ ਕੁਰੇ ਰੇਲ ਚੜ੍ਹ ਜਾ

228
ਬੋਤਾ ਲਿਆਵੀਂ ਉਹ ਮਿੱਤਰਾ
ਜਿਹੜਾ ਡੰਡੀਆਂ ਹਿੱਲਣ ਨਾ ਦੇਵੇ

229
ਟੁੱਟ ਪੈਣੇ ਦਾ ਬਾਘੜੀ ਬੋਤਾ
ਚੜ੍ਹਦੀ ਦੇ ਵੱਢੇ ਦੰਦੀਆਂ

230
ਬੋਤਾ ਵੀਰ ਦਾ ਨਜ਼ਰ ਨਾ ਆਵੇ
ਉੱਡਦੀ ਧੂੜ ਦਿਸੇ

231
ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ
ਸਰਵਣ ਵੀਰ ਕੁੜੀਓ

232
ਬੋਤੇ ਚਾਰਦੇ ਭਤੀਜੇ ਮੇਰੇ
ਕੱਤਦੀ ਨੂੰ ਆਣ ਮਿਲਦੇ

233

ਬੋਤੇ ਉੱਤੋਂ ਮੈਂ ਡਿਗ ਪੀ
ਵਿੰਗੇ ਹੋ ਗੇ ਕੰਨਾਂ ਦੇ ਵਾਲ਼ੇ

234

ਭੈਣ ਭਾਈ ਬੋਤੇ ਤੇ ਚੜ੍ਹੇ
ਬੋਤਾ ਲਗਰਾਂ ਸੂਤਦਾ ਆਵੇ

235

ਮੇਰੇ ਬੋਤੇ ਉੱਤੇ ਚੜ੍ਹ ਬਚਨੋ
ਤੈਨੂੰ ਸ਼ਿਮਲੇ ਦੀ ਸੈਲ ਕਰਾਵਾਂ

236

ਮੁੰਡਿਆਂ ਵੇ ਹਾਣ ਦਿਆ
ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ

237

ਮੂਹਰੇ ਰੱਬ ਭਾਬੋ ਦਾ
ਪਿੱਛੇ ਇੰਦਰ ਵੀਰ ਦਾ ਬੋਤਾ

238

ਤੇਰੇ ਵੀਰ ਦਾ ਬਾਘੜੀ ਬੋਤਾ
ਉੱਠ ਕੇ ਮੁਹਾਰ ਫੜ ਲੈ

239

ਰੇਲ ਦੀ ਬਰੋਬਰ ਜਾਵੇ
ਬੋਤਾ ਮੇਰੇ ਵੀਰਨ ਦਾ

240

ਵੇ ਮੈਂ ਅਮਰ ਵੇਲ ਪੁਟ ਲਿਆਵਾਂ
ਬੋਤਾ ਤੇਰਾ ਭੁੱਖਾ ਵੀਰਨਾ

241

### ਬਲਦ

ਹੱਟੀਏਂ ਬੈਠ ਸ਼ੁਕੀਨਾ
ਵਹਿੜੇ ਤੇਰੇ ਮੈਂ ਬੰਨ੍ਹਦੀ

242

ਚੱਕ ਟੋਕਰਾ ਬੈਲਾਂ ਨੂੰ ਕੱਖ ਪਾ ਦੇ
ਸੂਫ਼ ਦੇ ਪਜਾਮੇ ਵਾਲ਼ੀਏ

243

ਚੱਕ ਟੋਕਰਾ ਬੈਲਾਂ ਨੂੰ ਕੱਖ ਪਾ ਦੇ
ਸੋਨੇ ਦੇ ਤਵੀਤ ਵਾਲ਼ੀਏ

244

ਛਾਲਾਂ ਮਾਰਦੇ ਨੇ ਬਲਦ ਨਗੌਰੀ
ਜੰਘੀ ਫੜ ਜੱਟ ਨੱਚਦਾ

245

ਖੇਤ ਵਾਹ ਆਏ ਬਲਦ ਨਗੌਰੀ
ਝੋਟੇ ਕੁੱਟ ਧੁੱਪੇ ਸੜਦੇ

246

ਬੱਗੇ ਬਲਦ ਖਰਾਸੇ ਜਾਣਾ
ਮਾਨ ਕੁਰੇ ਕੱਢ ਘੁੰਗਰੂ

247

ਬੱਗੇ ਬਲਦ ਖਰਾਸੇ ਜਾਣਾ
ਚੰਦ ਕੁਰੇ ਲਿਆ ਘੁੰਗਰੂ

248

ਵਹਿੜੇ ਤੇਰੇ ਮੈਂ ਬੰਨ੍ਹ ਦੂੰ
ਚੱਕ ਜਾਂਗੀਆ ਮੁੰਡਿਆਂ ਦੇ ਨਾਲ਼ ਰਲ਼ ਜਾ

249

ਬੱਗਿਆ ਚੱਕ ਚੌਂਕੜੀ
ਨੈਣ ਨਫੇ ਵਿਚ ਆਈ

250

*ਬੱਕਰੀ*

ਸਹੁੰ ਗਊ ਦੀ ਝੂਠ ਨਾ ਬੋਲਾਂ
ਬੱਕਰੀ ਨੂੰ ਊਂਠ ਜੰਮਿਆ

251

ਚਿੱਤ ਬੱਕਰੀ ਲੈਣ ਨੂੰ ਕਰਦਾ
ਬੰਨੇ ਬੰਨੇ ਲਾ ਦੇ ਬੇਰੀਆਂ

252

ਤੇਰੀ ਸਾਗ 'ਚੋਂ ਬੱਕਰੀ ਮੋੜੀ
ਕੀ ਗੁਣ ਜਾਣੇ ਗੀ

253

ਬੱਕਰੀ ਦਾ ਦੁੱਧ ਗਰਮੀ
ਵੇ ਤੂੰ ਛੱਡ ਗੁਜਰੀ ਦੀ ਯਾਰੀ

254

ਮੇਰੀ ਬੱਕਰੀ ਚਾਰ ਲਿਆ ਦਿਉਰਾ
ਮੈਂ ਨਾ ਤੇਰਾ ਹੱਕ ਰੱਖਦੀ

255

ਰੰਨ ਬੱਕਰੀ ਚਰਾਉਣ ਦੀ ਮਾਰੀ
ਲਾਰਾ ਲੱਪਾ ਲਾ ਰੱਖਦੀ

256

ਲੰਗੋ ਡੰਗ ਪੈ ਗੀ ਬੱਕਰੀ
ਬੁੜ੍ਹਾ ਬੁੜ੍ਹੀ ਦੀ ਜਾਨ ਨੂੰ ਰੋਵੇ

257

ਹਾਕਾਂ ਮਾਰਦੇ ਬੱਕਰੀਆਂ ਵਾਲ਼ੇ
ਦੁੱਧ ਪੀ ਕੇ ਜਾਈਂ ਜੈ ਕੁਰੇ

258

ਬੱਕਰੀ ਦੇ ਖੁਰ ਜਿੰਨੀਏਂ
ਤੈਨੂੰ ਛੱਜ ਗਹਿਣਿਆਂ ਦਾ ਪਾਇਆ

259

*ਬੱਕਰਾ*

ਬੁੱਢੀਏ ਸੁੱਖ ਬੱਕਰਾ
ਤੇਰੇ ਮੁੜ ਕੇ ਜੁਆਨੀ ਆਵੇ

260

ਬੁੱਢੀ ਲਈ ਬੱਕਰਾ
ਹਦਰ ਸ਼ੇਖ਼ ਨੂੰ ਜਾਵੇ

261

*ਮੱਝ*

ਕੁੰਢੀਆਂ ਦੇ ਸਿੰਗ ਫਸਗੇ
ਕੋਈ ਨਿੱਤਰੂ ਵੜੇਵੇਂ ਖਾਣੀ

262

ਪਤਲੋ ਦੇ ਹੱਥ ਗੜਵਾ
ਬੂਰੀ ਮੱਝ ਨੂੰ ਥਾਪੀਆਂ ਦੇਵੇ

263

ਮਰ ਗਈ ਵੇ ਫੁੱਫੜਾ
ਮੱਝ ਕੱਟਾ ਨੀ ਝੱਲਦੀ

264

ਮੇਰੇ ਵੀਰ ਨੂੰ ਸੁੱਕੀ ਖੰਡ ਪਾਈ
ਸੱਸੇ ਤੇਰੀ ਮਹਿੰ ਮਰਜੇ

265
ਰਾਂਝਾ ਮੱਝਾਂ ਦੇ ਸਿੰਗਾਂ ਨੂੰ ਫੜ ਰੋਵੇ
ਖੇੜੇ ਲੈ ਗਏ ਹੀਰ ਚੁੱਕ ਕੇ

267
ਵੀਰ ਮੱਝੀਆਂ ਦੇ ਸੰਗਲ ਫੜਾਵੇ
ਭ੍ਰਾਬੋ ਮੱਥੇ ਪਾਵੇ ਤਿਊੜੀਆਂ

268
ਤੈਨੂੰ ਲੈ ਦੂੰ ਸਲੀਪਰ ਕਾਲ਼ੇ
ਚਾਹੇ ਮੇਰੀ ਮਹਿੰ ਬਿਕਜੇ

## ਪੰਛੀ

269

*ਇਲ੍ਹ*

ਅੱਖ ਪਟਵਾਰਨ ਦੀ
ਜਿਉਂ ਇਲ੍ਹ ਦੇ ਆਹਲਣੇ ਆਂਡਾ

270

*ਕਾਂ*

ਕੋਇਲ ਨਿੱਤ ਕੂਕਦੀ
ਕਦੇ ਬੋਲ ਚੰਦਰਿਆ ਕਾਵਾਂ

271

*ਕੋਇਲ*

ਬੁੱਕਦਾ ਸੁੰਦਰ ਦਾ ਬੋਤਾ
ਮੇਰੇ ਭਾ ਦਾ ਕੋਇਲ ਬੋਲਦੀ

272

*ਕਾਗ*

ਕਾਲ਼ਾ ਕਾਗ* ਨੀ ਬਨੇਰੇ ਉਤੇ ਬੋਲੇ
ਅੱਜ ਮੇਰੇ ਯਾਰ ਨੇ ਆਉਣਾ

273

*ਕਬੂਤਰ*

ਸੁਰਮੇਂ ਦਾ ਕੀ ਪਾਉਣਾ
ਤੇਰੀ ਅੱਖ ਨੀ ਕਬੂਤਰ ਵਰਗੀ

274

ਜੱਗੇ ਜੱਟ ਦੇ ਕਬੂਤਰ ਚੀਨੇ
ਨਦੀਓਂ ਪਾਰ ਚੁਗਦੇ

275

ਤੇਰੀ ਬੈਠਕ ਨੇ
ਪੱਟਿਆ ਕਬੂਤਰ ਚੀਨਾ

276

ਨੱਚ ਕਬੂਤਰੀਏ
ਦੇ ਦੇ ਸ਼ੌਕ ਦਾ ਗੇੜਾ

277

ਬਣ ਕੇ ਕਬੂਤਰ ਚੀਨਾ
ਗਿੱਧੇ ਵਿਚ ਆ ਜਾ ਪੱਠੀਏ

278

*ਕੂੰਜ*

ਕੂੰਜੇ ਪਹਾੜ ਦੀਏ
ਕਦੇ ਪਾ ਵਤਨਾਂ ਵਲ ਫੇਰਾ

279

*ਚੁਗਲ*

ਕਾਟੋ ਦੁੱਧ ਰਿੜਕੇ
ਚੁਗਲ ਝਾਤੀਆਂ ਮਾਰੇ

280

*ਤੋਤਾ*

ਉਡ ਜਾ ਵਰਿਆਮ ਤੋਤਿਆ
ਪਤਲੇ ਨਿੰਮਾਂ ਦੇ ਟਾਹਲੇ

281

ਸਾਡੇ ਤੋਤਿਆਂ ਨੂੰ ਬਾਗ ਬਥੇਰੇ
ਨਿੰਮ ਦਾ ਤੂੰ ਮਾਣ ਨਾ ਕਰੀਂ

282

*ਤਿੱਤਰ*

ਮਿੱਤਰਾਂ ਦੇ ਤਿੱਤਰਾਂ ਨੂੰ
ਮੈਂ ਹੱਥ ਤੇ ਚੋਗ ਚੁਗਾਆਂ

283

*ਬਟੇਰਾ*

ਸੁਟ ਕੰਗਣੀ ਲੜਾ ਲੈ ਬਟੇਰਾ
ਰੱਜੀਏ ਬਟੇਰੇ ਬਾਜਣੇ

284

*ਬਾਜ*

ਹਾਏ ਨਰਮ ਕਾਲਜਾ ਧੜਕੇ
ਡੋਰਾਂ ਸਣੇ ਬਾਜ ਉੱਡਗੇ

285

ਕਾਲ਼ੀ ਤਿੱਤਰੀ ਕਮਾਦੋਂ ਨਿਕਲ਼ੀ
ਉਡਦੀ ਨੂੰ ਬਾਜ ਪੈ ਗਿਆ

286

*ਬਗਲਾ*

ਬਾਹਮਣੀ ਦਾ ਪੱਟ ਲਿਸ਼ਕੇ
ਜਿਉਂ ਕਾਲ਼ੀਆਂ ਘਟਾਂ ਵਿਚ ਬਗਲਾ

287

*ਭਰਿੰਡ*

ਮੁੰਡਾ ਅਨਦਾਹੜੀਆ ਸੁੱਕਾ ਨਾ ਜਾਵੇ
ਲੜ ਜਾ ਭਰਿੰਡ ਬਣ ਕੇ

288

ਕਿਥੇ ਜਾਏਂਗਾ ਬੂਬਨਿਆਂ ਸਾਧਾ
ਛੇੜ ਕੇ ਭਰਿੰਡ ਰੰਗੀਆਂ

289

ਦੰਦੀ ਵੱਢ ਲੈ ਜਿਗਰੀਆ ਯਾਰਾ
ਕਹਿਦੂੰਗੀ ਭਰਿੰਡ ਲੜਗੀ

290

*ਭੌਰ*

ਇਹ ਭੌਰ ਕਿਹੜੇ ਪਿੰਡ ਦਾ
ਜਿਹੜਾ ਘੁੰਡ ਚੀਂ ਅੱਖੀਆਂ ਮਾਰੇ

291

ਜਦੋਂ ਬਿਸ਼ਨੀ ਬਾਗ ਵਿਚ ਆਈ
ਭੌਰਾਂ ਨੂੰ ਭੁਲੇਖਾ ਪੈ ਗਿਆ

292

ਤੇਰੇ ਵਰਗੇ ਜੁਆਨ ਬਥੇਰੇ
ਮੇਰੇ ਉੱਤੇ ਭੌਰ ਮਿੱਤਰਾ

293

*ਮੋਰ*

ਚੀਕੇ ਚਰਖਾ ਬਿਸ਼ਨੀਏਂ ਤੇਰਾ
ਲੋਕਾਂ ਭਾਣੇ ਮੋਰ ਬੋਲਦਾ

294

ਜਾਪੇ ਮੋਰ ਨੇ ਉਡਾਰੀ ਲਾਈ
ਚੰਨਾ ਤੇਰਾ ਉਡੇ ਸ਼ਮਲਾ

295

ਸਾਉਣ ਮਹਨੇ ਚੜ੍ਹਿਆ ਮੇਘਲਾ
ਮੋਰਾਂ ਨੇ ਪੈਲਾਂ ਪਾਈਆਂ

## ਜੀਵ-ਜੰਤੂ

296

*ਸੱਪ*

ਸੰਤੀ ਸੱਪ ਬਣਗੀ
ਪਾ ਕੇ ਰੇਬ ਪਜਾਮਾ

297

ਸੱਪ ਦੀ ਤੋਰ ਨਾ ਤੁਰੀਏ
ਜੋਗੀ ਲੋਕ ਕੀਲ ਲੈਣ ਗੇ

298

ਕੋਈ ਲੈ ਜੂ ਕੀਲ ਕੇ ਜੋਗੀ
ਤੋਰ ਤੁਰੇਂ ਸੱਪਣੀ ਦੀ

299

ਕੋਈ ਲੈ ਜੂ ਬੰਗਾਲੀ ਫੜ ਕੇ
ਤੋਰ ਤੁਰੇਂ ਸੱਪਣੀ ਦੀ

300

ਕਾਲ਼ਾ ਨਾਗ਼ ਚਰ੍ਹੀ ਵਿਚ ਮੇਹਲੇ
ਗੁਜਰੀ ਦੀ ਗੁੱਤ ਵਰਗਾ

301

ਤੇਰੀ ਕੱਤਣੀ ਫਰਾਟੇ ਮਾਰੇ
ਪੂਣੀਆਂ ਦੇ ਸੱਪ ਬਣ ਗੇ

302

ਤੇਰੀ ਡੋਰੀ ਨੇ ਡੰਗਿਆ ਸੱਪ ਬਣ ਕੇ
ਆਪੇ ਈ ਅਲਾਜ ਕਰ ਦੇ

303

ਪੈਗੀ ਸੱਪ ਦਾ ਬਹਾਨਾ ਕਰਕੇ
ਡੰਗੀ ਹੋਈ ਆਸ਼ਕਾਂ ਦੀ

304

ਮੂਹਰੇ ਲੱਗ ਜਾ ਸੰਧੂਰੀ ਪੱਗ ਵਾਲ਼ਿਆ
ਸੱਪ ਵਾਂਗੂੰ ਆਵਾਂ ਮੇਹਲਦੀ

305

ਰਾਤੀਂ ਤੇਰੀ ਗੁੱਤ ਲਮਕੇ
ਸਾਨੂੰ ਸੱਪਣੀ ਦੇ ਪੈਣ ਭੁਲੇਖੇ

306

ਜੱਟੀ ਹੱਟੀ ਤੇ ਸ਼ਰਾਬਣ ਹੋਈ
ਸੱਪ ਰੰਗੀ ਛੀਂਟ ਦੇਖ ਕੇ

307

*ਮੱਛੀਆਂ*

ਉੱਚਾ ਹੋ ਗਿਆ ਅੰਬਰ ਦਾ ਰਾਜਾ
ਛੱਪੜਾਂ 'ਚ ਰੋਣ ਮੱਛੀਆਂ

# ਫੁਲ ਪਤਾਸੇ

ਲੰਮੀ ਦੀ ਕੀ ਥੰਮੀ ਗੱਡਣੀ
ਮੇਰੀ ਮਧਰੋ ਫੁਲ ਪਤਾਸਾ

ਕੱਚੀ ਯਾਰੀ ਲੱਡੂਆਂ ਦੀ
ਲੱਡੂ ਮੁਕਗੇ ਯਰਾਨੇ ਟੁਟਗੇ

ਖੰਡ ਮਿਸ਼ਰੀ ਦੀਆਂ ਡਲ਼ੀਆਂ
ਰੂਪ ਕੁਆਰੀ ਦਾ

ਘੁੰਡ ਕੱਢ ਲੈ ਪਤਲੀਏ ਨਾਰੇ
ਪਾਣੀਆਂ ਨੂੰ ਅੱਗ ਲੱਗ ਜੂ

## ਫੁੱਲ ਪਤਾਸੇ

308
ਥਾਲ਼ੀ ਵਿਚ ਨਾ ਪਤਾਸੇ ਲਿਆਇਆ
ਪਹਿਲੀ ਰਾਤ ਸ਼ਗਨਾਂ ਦੀ

309
ਮੇਰੇ ਵੀਰੇ ਨੇ ਪਤਾਸੇ ਲੈਣੇ
ਹੱਟੀ ਖੋਲ੍ਹ ਹੱਟੀ ਵਾਲ਼ਿਆ

310
ਲੰਮੀ ਦੀ ਕੀ ਥੰਮੀ ਗੱਡਣੀ
ਮੇਰੀ ਮਧਰੋ ਫੁੱਲ ਪਤਾਸਾ

311
ਮੇਰੇ ਯਾਰ ਨੇ ਜਲੇਬੀ ਮਾਰੀ
ਛਾਤੀ ਵਿਚ ਛੇਕ ਪੈ ਗਿਆ

312
ਕੱਚੀ ਯਾਰੀ ਲੱਡੂਆਂ ਦੀ
ਲੱਡੂ ਮੁੱਕਗੇ ਯਰਾਨੇ ਟੁੱਟਗੇ

313
ਗਿਝੀ ਹੋਈ ਲੱਡੂਆਂ ਦੀ
ਦਾਲ ਫੁਲਕਾ ਨਾ ਖਾਵੇ

314
ਤੇਰੀ ਮਾਂ ਨੇ ਬਾਣੀਆਂ ਕੀਤਾ
ਲੱਡੂਆਂ ਦੀ ਮੌਜ ਬੜੀ

315
ਤੇਰੀ ਚਾਲ ਨੇ ਪੱਟਿਆ ਪਟਵਾਰੀ
ਲੱਡੂਆਂ ਨੇ ਤੂੰ ਪਟਤੀ

316
ਗੋਰਾ ਰੰਗ ਨਾ ਗਵਾ ਲਈਂ ਕੁੜੀਏ
ਲਾਲਚ ਲੱਡੂਆਂ ਦੇ

317
ਤੇਰੇ ਲੱਡੂਆਂ ਤੋਂ ਨੀਂਦ ਪਿਆਰੀ
ਸੁੱਤੀ ਨਾ ਜਗਾਈਂ ਮਿੱਤਰਾ

318
ਧਾਹ ਮਾਰ ਕੇ ਰੇਲ ਚੜ੍ਹਾਇਆ
ਓਹਲੇ ਹੋ ਕੇ ਲੱਡੂ ਵੰਡਦੀ

319
ਲੱਡੂ ਵੰਡਦੀ ਤਸੀਲੋਂ ਆਵਾਂ
ਪਹਿਲੀ ਪੇਸ਼ੀ ਯਾਰ ਛੁਟ ਜੇ

320
ਲੱਡੂ ਖਾਂਦੀ ਚੁਬਾਰਿਓਂ ਨਿਕਲ਼ੀ
ਮੱਖੀਆਂ ਨੇ ਪੈੜ ਕੱਢ ਲੀ

321
ਲੱਡੂ ਖਾਂਦੀ ਨੂੰ ਸ਼ਰਮ ਨਾ ਆਵੇ
ਅੱਖ ਮਾਰੇ ਨੱਕ ਵੱਟਦੀ

322
ਗੰਨੇ ਚੂਪ ਲੈ ਜੱਟਾਂ ਦੇ ਪੋਲੇ
ਲੱਡੂ ਖਾ ਲੈ ਬਾਣੀਆਂ ਦੇ

323
ਲਾਲਾ ਲੱਡੂ ਘੱਟ ਨਾ ਦਈਂ
ਤੇਰੀ ਓ ਕੁੜੀ ਨੂੰ ਦੇਣੇ

324
ਲੱਡੂ ਭੁਰਗੇ ਬਨੇਰੇ ਨਾਲ਼ ਲੱਗ ਕੇ
ਸੁੱਤੀਏ ਜਾਗ ਅਲ੍ਹੜੇ

325
ਲੱਡੂ ਲਿਆਵੇਂ ਤਾਂ ਭੋਰ ਕੇ ਖਾਵਾਂ
ਮਿਸ਼ਰੀ ਕੜੱਕ ਬੋਲਦੀ

326
ਲੱਡੂ ਲਿਆਈਂ ਵੇ ਨਣਦ ਦਿਆ ਵੀਰਾ
ਮੇਲੇ ਮੁਕਤਸਰ ਤੋਂ

## ਖੰਡ ਮਿਸ਼ਰੀ

327
ਖੰਡ ਮਿਸ਼ਰੀ ਦੀਆਂ ਡਲ਼ੀਆਂ
ਰੂਪ ਕੁਆਰੀ ਦਾ

328
ਰੂਪ ਦਿਆਲੋ ਦਾ
ਅੱਗ ਮੰਦਰਾਂ ਵਿਚ ਮੱਚਦੀ

329
ਰੂਪ ਕੁਆਰੀ ਦਾ
ਦਿਨ ਚੜ੍ਹਦੇ ਦੀ ਲਾਲੀ

330
ਤੇਰਾ ਰੂਪ ਝੱਲਿਆ ਨਾ ਜਾਵੇ
ਕੰਨੋਂ ਲਾਹਦੇ ਸੋਨ ਚਿੜੀਆਂ

331
ਸੂਹਣੀ ਨਿਕਲ਼ੀ ਢਾਬ 'ਚੋਂ ਨਾਹ ਕੇ
ਸੁਲਫੇ ਦੀ ਲਾਟ ਵਰਗੀ

332
ਲੋਕੀ ਆਖਦੇ ਸ਼ਰਬਤੀ ਟੋਟਾ
ਮੇਰੇ ਭਾ ਦੀ ਅੱਗ ਮੱਚਦੀ

333
ਰੰਨ ਨ੍ਹਾ ਕੇ ਛੱਪੜ 'ਚੋਂ ਨਿਕਲ਼ੀ
ਸੁਲਫੇ ਦੀ ਲਾਟ ਵਰਗੀ

334
ਤੂੰ ਵੀ ਸਿਖ ਲੈ ਹੀਰਿਆ ਹਰਨਾ
ਤੋਰ ਕੁਆਰੀ ਦੀ

335
ਰੂਪ ਤੈਨੂੰ ਰੱਬ ਨੇ ਦਿੱਤਾ
ਉੱਡ ਜਾ ਪਟੋਲ੍ਹਾ ਬਣ ਕੇ

336
ਮਰ ਜਾਣ ਰੱਬ ਕਰਕੇ
ਸੋਹਣੀਆਂ ਰੰਨਾਂ ਦੇ ਰਾਖੇ

337
ਗੋਰਾ ਰੰਗ ਨਾ ਕਿਸੇ ਨੂੰ ਰੱਬ ਦੇਵੇ
ਸਾਰਾ ਜੱਗ ਵੈਰ ਪੈ ਗਿਆ

338
ਗੋਰੇ ਰੰਗ ਨੂੰ ਨਾ ਪੁੱਛਦਾ ਕੋਈ
ਮੁੱਲ ਪੈਂਦੇ ਅਕਲਾਂ ਦੇ

339
ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿਚ ਕੈਦ ਰੱਖੀਆਂ

340
ਘੁੰਡ ਚੁੱਕ ਕੇ ਦਖਾ ਦੇ ਮੁਖੜਾ
ਤੇਰਾ ਕਿਹੜਾ ਮੁੱਲ ਲਗਦਾ

341
ਘੁੰਡ ਕੱਢ ਲੈ ਪਤਲੀਏ ਨਾਰੇ
ਪਾਣੀਆਂ ਨੂੰ ਅੱਗ ਲੱਗ ਜੂ

342
ਇਕ ਤੇਰਾ ਰੰਗ ਮੁਸ਼ਕੀ
ਦੂਜਾ ਡਾਹ ਲਿਆ ਬੀਹੀ ਵਿਚ ਚਰਖਾ

343
ਚੱਜੁ ਨੀ ਵੱਸਣ ਦੇ ਤੇਰੇ
ਕੱਤਣੀ 'ਚ ਲੱਡੂ ਰੱਖਦੀ

344
ਤੇਰੀ ਕੱਤਣੀ ਨਫੇ ਵਿਚ ਲੈਣੀ
ਮੁੱਲ ਕਰ ਚਰਖੀ ਦਾ

345
ਚੱਜ ਨੀ ਬਸਣ ਦੇ ਤੇਰੇ
ਕੱਤਣੀ 'ਚ ਪਈਆਂ ਰਿਓੜੀਆਂ

346
ਜੇਹੀ ਤੇਰੀ ਗੁੱਤ ਦੇਖ ਲੀ
ਜਿਹਾ ਦੇਖ ਲਿਆ ਜਰਗ ਦਾ ਮੇਲਾ

347
ਤੰਦ ਚਰਖੇ ਨਾ ਪਾਵੇਂ
ਪਟਦੀ ਸ਼ੁਕੀਨੀ ਨੇ

348
ਬੀਹੀ ਵਿਚ ਨਾ ਪੰਘੂੜਾ ਡਾਹੀਏ
ਪਿਓਕੇ ਪਿੰਡ ਕੁੜੀਏ

349
ਰੰਨ ਝਾਕਾ ਦੇਣ ਦੀ ਮਾਰੀ
ਡੰਡੀਓਂ ਵੱਟ ਪੈ ਗੀ

350
ਲੱਛੀ ਕੁੜੀ ਮਹਿਰਿਆਂ ਦੀ
ਘੜਾ ਚੱਕਦੀ ਨਾਗ ਵਲ ਖਾਵੇ

351
ਛੋਟਾ ਘੜਾ ਚੱਕ ਲੱਛੀਏ
ਤੇਰੇ ਲੱਕ ਨੂੰ ਜ਼ਰਬ ਨਾ ਆਵੇ

352
ਹੁਸਨ ਜੁਆਨੀ ਅਰ ਮਾਪੇ
ਤਿੰਨ ਰੰਗ ਨਹੀਂ ਲੱਭਣੇ

353
ਕਾਲ਼ੇ ਰੰਗ ਦੀ ਵਿਕੇ ਪਨਸੇਰੀ
ਗੋਰਾ ਰੰਗ ਰੱਤੀਏਂ ਵਿਕੇ

354
ਗੋਰੇ ਰੰਗ ਨੇ ਸਦਾ ਨੀ ਰਹਿਣਾ
ਭਰ ਭਰ ਵੰਡ ਮੁੱਠੀਆਂ

355
ਰੋੜ੍ਹ ਰੋੜ੍ਹ ਵੇ ਰੱਬਾ
ਇਨ੍ਹਾਂ ਸੋਹਣਿਆਂ ਦੀ ਰੜਕ ਮਰੋੜ ਵੇ ਰੱਬਾ

356
ਰੱਬਾ ਚੱਕ ਲੈ ਕਿਸੇ ਦੀ ਆਈ
ਬਿਨ ਮੁਕਲਾਈਆਂ ਨੂੰ

357
ਗੋਰਾ ਰੰਗ ਟਿੱਬਿਆਂ ਦਾ ਰੇਤਾ
ਵਾ ਆਈ ਉਡਜੂ ਗਾ

358
ਜਾਂਦਾ ਜੋਬਨ ਦੱਸ ਨਾ ਗਿਆ
ਚਿੱਠੀ ਕਿਹੜੇ ਸ਼ਹਿਰ ਨੂੰ ਪਾਵਾਂ
359
ਜਾਂਦੇ ਹੋਏ ਜੋਬਨ ਦੀ
ਉਡਦੀ ਧੂੜ ਨਜ਼ਰ ਨਾ ਆਵੇ
360
ਦੰਦੀ ਵੱਢੀ ਤੇ ਅੱਖਾਂ ਭਰ ਆਈਆਂ
ਮਾੜੇ ਹੀਏ ਵਾਲੀਏ ਰੰਨੇ
361
ਤੇਰੇ ਰੰਗ ਨੇ ਪਤੰਗ ਬਣ ਜਾਣਾ
ਭਰ ਭਰ ਵੰਡ ਮੁੱਠੀਆਂ
362
ਨਾਭੇ ਦੀਏ ਬੰਦ ਬੋਤਲੇ
ਤੈਨੂੰ ਦੇਖ ਕੇ ਨਸ਼ਾ ਚੜ੍ਹ ਜਾਵੇ
363
ਨਾਭੇ ਦੀਏ ਬੰਦ ਬੋਤਲੇ
ਤੈਨੂੰ ਪੀਣਗੇ ਨਸੀਬਾਂ ਵਾਲ਼ੇ
364
ਬੱਲੀਏ ਕਣਕ ਦੀਏ
ਤੈਨੂੰ ਖਾਣਗੇ ਨਸੀਬਾਂ ਵਾਲ਼ੇ
365
ਗੋਲ ਪਿੰਨੀ ਸੀਤੋ ਦੀ
ਕੋਈ ਲੁੱਟਣ ਨਸੀਬਾਂ ਵਾਲ਼ੇ
366
ਲੱਕੋਂ ਪਤਲੀ ਪੱਟਾਂ ਤੋਂ ਭਾਰੀ
ਸੰਤੀ ਧੂਰਕੋਟ ਦੀ
367
ਠੱਲ੍ਹਿਆ ਮੂਲ ਨਾ ਜਾਵੇ
ਨੀ ਜੋਸ਼ ਜਵਾਨੀ ਦਾ
368
ਨਰਮ ਕਾਲਜੇ ਵਾਲੀ
ਪੱਠਿਆ ਨਾ ਲੱਭਣੀ

369
ਤੇਰੀ ਹਿੱਕ ਤੇ ਮਲ਼ਾਈਆਂ ਆਈਆਂ
ਕੱਚਾ ਦੁੱਧ ਪੀਣ ਵਾਲ਼ੀਏ

370
ਅੱਖ ਵਿਚ ਤਿਣ ਪੈ ਜਾਵੇ
ਜਿਹੜਾ ਪਿੰਡ ਦੀ ਕੁੜੀ ਵਲ ਝਾਕੇ

## ਗੁੜ ਨਾਲੋਂ ਇਸ਼ਕ ਮਿੱਠਾ

371
ਤੂੰਬਾ ਬੱਜਦਾ ਨਾ ਤਾਰ ਬਿਨਾਂ
ਦਿਲ ਮਿਲਦੇ ਨਾ ਪਿਆਰ ਬਿਨਾਂ

372
ਰੱਬਾ ਲੱਗ ਨਾ ਕਿਸੇ ਨੂੰ ਜਾਵੇ
ਗੁੜ ਨਾਲ਼ੋਂ ਇਸ਼ਕ ਮਿੱਠਾ

373
ਤਿੰਨ ਥਾਂ ਆਸ਼ਕਾਂ ਦੇ
ਹੱਟੀ ਭੱਠੀ ਦਰਵਾਜ਼ਾ

374
ਜੀਹਨੇ ਲਾਈ ਨੀ ਦੇਖ ਲੋ ਲਾ ਕੇ
ਯਾਰੀ ਵਿਚੋਂ ਦੁੱਖ ਨਿਕਲ਼ੇ

375
ਜੀਹਨੇ ਲਾਈ ਨੀ ਦੇਖ ਲੋ ਲਾ ਕੇ
ਬੜੇ ਦੁੱਖ ਯਾਰੀਆਂ ਦੇ

376
ਕੀ ਲੈ ਲਿਆ ਇਸ਼ਕ ਗਲ਼ ਪਾ ਕੇ
ਜਿੰਦੜੀ ਨੂੰ ਰੋਗ ਲਾ ਲਿਆ

377
ਨੀਂਦ ਹੈਨੀ ਰਾਤ ਦਿਆਂ ਚੋਰਾਂ
ਭੁੱਖ ਹੈਨੀ ਆਸ਼ਕਾਂ ਨੂੰ

378
ਰਾਤੀਂ ਨੀਂਦ ਨਾ ਦੁਪਹਿਰੀਂ ਟੇਕ ਆਵੇ
ਰੰਨਾਂ ਦਿਆਂ ਆਸ਼ਕਾਂ ਨੂੰ

379
ਕੱਚਿਆਂ ਤੇ ਤਰ ਡੁੱਬਦੇ
ਅੱਗ ਪਿਆਰ ਦੀ ਜਿਨ੍ਹਾਂ ਦੇ ਸੀਨੇ ਧੜਕੇ

380
ਯਾਰੀ ਤਾਂ ਫੱਬਦੀ
ਦਿਲ ਹੋਏ ਜੇ ਪਹਾੜਾਂ ਵਰਗਾ

381
ਯਾਰੀ ਲਾਈਏ ਤਾਂ ਤੋੜ ਨਿਭਾਈਏ
ਹੱਸ ਕੇ ਨਾ ਬਾਂਹ ਫੜੀਏ

382
ਮੈਂ ਤਾਂ ਬੋਲ ਪੁਗਾਵਾਂ
ਲੱਗੀਆਂ ਪ੍ਰੀਤਾਂ ਦੇ

383
ਯਾਰੀ ਪਿੰਡ ਦੇ ਮੁੰਡੇ ਨਾਲ਼ ਲਾਈਏ
ਦਰਸ਼ਨ ਨਿੱਤ ਕਰੀਏ

384
ਇਸ਼ਕ ਪੰਜਾਬਣ ਦਾ
ਬਿਨਾਂ ਮੁਕਤੀ ਸੁਰਗ ਦਾ ਝੂਟਾ

385
ਯਾਰੀ ਹੱਟੀ ਤੇ ਲਖਾ ਕੇ ਲਾਈਏ
ਦਗੇਦਾਰ ਹੋ ਗੀ ਦੁਨੀਆਂ

386
ਯਾਰੀ ਲਾਣ ਨੂੰ ਬੜਾ ਚਿੱਤ ਕਰਦਾ
ਇਕ ਡਰ ਮਾਪਿਆਂ ਦਾ

387
ਅਨਦਾਹੜੀਏ ਮੁੰਡੇ ਨਾਲ਼ ਯਾਰੀ
ਧੀਏ ਤੈਨੂੰ ਰਾਜ ਦੀ ਗੱਦੀ

388
ਕਾਸ਼ਨੀ ਦੁਪੱਟੇ ਵਾਲ਼ੀਏ
ਤੈਨੂੰ ਨਿੱਤ ਸੁਪਨੇ ਵਿਚ ਦੇਖਾਂ

389
ਤੂੰ ਮਨ ਮੋਹ ਲਿਆ ਨੀ
ਨੇਤਰ ਨਾਲ਼ ਰਲ਼ਾ ਕੇ

390
ਮੈਨੂੰ ਜਿੰਦ ਨਾਲ਼ੋਂ ਯਾਰ ਪਿਆਰਾ
ਡੱਬੀ ਵਿਚ ਪਾ ਰੱਖਦੀ

391

ਤੂੰ ਕਿਹੜਾ ਚੰਦ ਮੁੰਡਿਆ
ਦਿਲ ਮਿਲਗੇ ਦੀ ਹੋਈ

392

ਵੇ ਮੈਂ ਤ੍ਰਿੰਜਣਾਂ 'ਚ ਬੋਲ ਪਛਾਣਾਂ
ਗ਼ਲੀਆਂ 'ਚ ਫਿਰਦੇ ਦਾ

393

ਲੱਗੀਆਂ ਤ੍ਰਿੰਜਣਾਂ ਦੀਆਂ
ਮੈਨੂੰ ਯਾਦ ਗੱਡੀ ਵਿਚ ਆਈਆਂ

394

ਯਾਰੀ ਵਾਲ਼ੀ ਤੋਂ ਕੱਤਿਆ ਨਾ ਜਾਵੇ
ਵੰਡ ਦਿਓ ਛੋਪ ਕੁੜੀਓ

395

ਤੇਰੀ ਮਗਰ ਕਿੰਨੇ ਨੀ ਆਉਣਾ
ਖੜੀ ਹੋ ਕੇ ਗਲ ਸੁਣ ਜਾ

396

ਜੀਹਨੇ ਅੱਖ ਦੀ ਰਮਜ਼ ਨੀਂ ਜਾਣੀ
ਮਾਰ ਗੋਲ਼ੀ ਆਸ਼ਕ ਨੂੰ

397

ਮੇਰਾ ਯਾਰ ਚੰਬੇ ਦੀ ਮਾਲ਼ਾ
ਦਿਲ ਵਿਚ ਰਹੇ ਮਹਿਕਦਾ

398

ਮੇਰਾ ਯਾਰ ਸਰੂ ਦਾ ਬੂਟਾ
ਰੱਬ ਕੋਲੋਂ ਲਿਆਈ ਮੰਗ ਕੇ

399

ਮੇਰਾ ਯਾਰ ਬਚਨਾਂ ਦਾ ਪੂਰਾ
ਲੱਸੀ ਨੂੰ ਆਇਆ ਦੁੱਧ ਦੇ ਗਿਆ

400

ਮੇਰਾ ਯਾਰ ਨੀ ਬੜਾ ਟੁੱਟ ਜਾਣਾ
ਤੁਰਦੀ ਦੀ ਸਿਫਤ ਕਰੇ

401

ਸੁਹਣੇ ਯਾਰ ਦੀ ਕਸਮ ਨਾ ਖਾਵਾਂ
ਪੁੱਤ ਦਾ ਮੈਂ ਨੇਮ ਚੱਕਦੀ

402
ਮੇਰੇ ਯਾਰ ਨੂੰ ਮੰਦਾ ਨਾ ਬੋਲੀਂ
ਮੇਰੀ ਭਾਮੇਂ ਜਿੰਦ ਕੱਢ ਲੀਂ

403
ਦੇ ਗਿਆ ਰੁਮਾਲ ਕੱਢਣਾ
ਮੇਰੇ ਚਿੱਤ ਨੂੰ ਚਿਤਮਣੀ ਲਾਈ

404
ਝੂਠੀ ਪੈ ਗੀ ਬਚਨਾਂ ਤੋਂ
ਮੱਥੇ ਯਾਰ ਦੇ ਲੱਗਿਆ ਨਾ ਜਾਵੇ

405
ਕਿਹੜੇ ਰਾਹ ਮੁਕਲਾਵੇ ਜਾਵਾਂ
ਮਿੱਤਰਾਂ ਦੇ ਹਲ਼ ਚੱਲਦੇ

406
ਸੁਹਣੇ ਯਾਰ ਨੇ ਕੁਵੇਲੇ ਅੱਖ ਮਾਰੀ
ਔਖੀ ਹੋ ਗੀ ਕੰਧ ਟੱਪਣੀ

407
ਸੁਹਣਾ ਚਿੱਟਿਆਂ ਦੰਦਾਂ ਨਾਲ਼ ਹੱਸ ਕੇ
ਲੈ ਗਿਆ ਮੇਰੀ ਜਿੰਦ ਕੱਢ ਕੇ

408
ਗੋਦੀ ਚੱਕ ਲੈ ਮਲਾਹਜੇਦਾਰਾ
ਨੱਚਦੀ ਦੇ ਪੈਰ ਘਸ ਗੇ

409
ਮੇਰਿਆ ਖੰਡ ਦਿਆ ਖੇਲਣਿਆ ਯਾਰਾ
ਲੰਘ ਜਾ ਬਾਜ਼ਾਰ ਵਿਚ ਦੀਂ

410
ਤਾਹਨਾ ਤੇਰਾ ਤੀਰ ਮਿੱਤਰਾ
ਮੇਰੇ ਅਜੇ ਵੀ ਕਲੇਜੇ ਵਿਚ ਰੜਕੇ

411
ਤੇਰੇ ਲੱਗਦੇ ਨੇ ਬੋਲ ਪਿਆਰੇ
ਚੌਕੀਦਾਰਾ ਲੈ ਲੈ ਮਿੱਤਰਾ

412
ਹੱਥ ਤੇਰਾ ਕਾਲਜਾ ਮੇਰਾ
ਕੱਢ ਲੈ ਰੁੱਗ ਭਰ ਕੇ

413
ਮੈਂ ਤਾਂ ਲੱਗੀਆਂ ਦੇ ਬੋਲ ਪੁਗਾਵਾਂ
ਘਰ ਤੇਰਾ ਦੂਰ ਮਿੱਤਰਾ

414
ਭਿੱਜ ਗਈ ਰੂਹ ਮਿੱਤਰਾ
ਸ਼ਾਮ ਘਟਾਂ ਚੜ੍ਹ ਆਈਆਂ

415
ਰੋਟੀ ਖਾ ਜੀਂ ਭੂਆ ਦਾ ਪੁੱਤ ਬਣ ਕੇ
ਮਿੱਤਰਾ ਦੂਰ ਦਿਆ

416
ਚੱਲ ਮਿੱਤਰਾ ਘਰ ਮੇਰੇ
ਕਰਦੀ ਬੇਨਤੀਆਂ

417
ਯਾਰੀ ਤੋੜ ਕੇ ਖੁੰਡਾਂ ਤੇ ਬਹਿ ਗਿਆ
ਹੁਣ ਕਿਹੜਾ ਰੱਬ ਬਣ ਗਿਆ

418
ਯਾਰੀ ਟੁੱਟੀ ਦਾ ਕੀ ਲਾਜ ਬਣਾਈਏ
ਰੱਸਾ ਹੋਵੇ ਗੱਠ ਦੇ ਲਈਏ

419
ਜਦ ਚੰਦ ਬੱਦਲੀ ਵਿਚ ਆਇਆ
ਭੁੱਲ ਗੀ ਯਾਰ ਦੀ ਗਲ਼ੀ

420
ਯਾਰੀ ਕੱਚਿਆ ਮਸ਼ੂਕਾ ਤੇਰੀ
ਮਿਹਣੋ ਮਿਹਣੀ ਹੋ ਕੇ ਟੁੱਟ ਗੀ

421
ਰਾਹ ਭੁੱਲ ਗੀ ਮੋੜ ਤੇ ਆ ਕੇ
ਲੰਬੀ ਸੀਟੀ ਮਾਰ ਮਿੱਤਰਾ

422
ਮੈਂ ਕਪੜੇ ਦੇਖ ਕੇ ਭੁਲ਼ਗੀ
ਦਿਲ ਦਿਆ ਕੰਗਾਲ ਮਿੱਤਰਾ

423
ਸਰੀ ਨਾ ਕੰਗਾਲਾ ਯਾਰਾ
ਇਕ ਤੈਥੋਂ ਮੰਗੀ ਕੁੜਤੀ

424
ਖੱਦਰ ਹੱਡਾਂ ਨੂੰ ਖਾਵੇ
ਮਲਮਲ ਲਿਆ ਦੇ ਮਿੱਤਰਾ

425
ਤੇਰੇ ਮੂਹਰੇ ਥਾਨ ਸੁੱਟਿਆ
ਸੁੱਥਣ ਸਮਾ ਲੈ ਚਾਹੇ ਲਹਿੰਗਾ

426
ਡੱਬੀ ਵਿਚ ਪਾ ਰੱਖਦੀ
ਮੇਰਾ ਅਮਲੀ ਫੀਮ ਦਾ ਮਾਵਾ

427
ਕੀ ਖੱਟਿਆ ਗੱਲ੍ਹਾਂ ਨੂੰ ਹੱਥ ਲਾ ਕੇ
ਲਲਾ ਲਲਾ ਹੋ ਗੀ ਮਿੱਤਰਾ

428
ਮੂੰਹੋਂ ਮਿੱਠੀਏ ਦਿਲਾਂ ਦੀਏ ਖੋਟੀਏ
ਇਕ ਵਾਰੀ ਬੋਲ ਹੱਸ ਕੇ

429
ਕਾਗਜ਼ ਹੋ ਗੇ ਕਾਲ਼ੇ
ਬਹਿ ਕੇ ਲਿਖ ਮਿੱਤਰਾ

430
ਕਾਹਤੋਂ ਮਾਰਦੈਂ ਬਸ਼ਰਮਾ ਗੇੜੇ
ਤੇਰੀ ਮੇਰੀ ਅੱਖ ਨਾ ਰਲ਼ੇ

431
ਮੇਰਾ ਕੰਮ ਨੀ ਗਲ਼ੀ ਦੇ ਵਿਚ ਕੋਈ
ਆਵਾਂ ਜਾਵਾਂ ਤੇਰੇ ਬਦਲੇ

432
ਇਕ ਵਾਰੀ ਕਹਿਦੇ ਟੁੱਟ ਗੀ
ਮੈਂ ਵੀ ਛਡਦਾਂ ਗਲ਼ੀ ਦਾ ਖਹਿੜਾ

433
ਇਕ ਵਾਰੀ ਕਹਿਦੇ ਟੁੱਟ ਗੀ
ਕਿਉਂ ਜਾਨ ਗ਼ਮਾਂ ਵਿਚ ਪਾਈ

434
ਯਾਰੀ ਟੁੱਟੀ ਤੇ ਮਾਰਦੈਂ ਗੇੜੇ
ਅੱਗੇ ਨਾ ਬੁਲਾਇਆ ਬੋਲਦਾ

435

ਯਾਰੀ ਲੱਗੀ ਤੋ ਪਵਾਤਾ ਕੋਠਾ
ਟੁੱਟੀ ਤੇ ਚੁਗਾਠ ਪਟਲੀ

436

ਲਾਲੀ ਮੇਰੀਆਂ ਅੱਖਾਂ ਵਿਚ ਰੜਕੇ
ਅੱਖ ਮੇਰੇ ਯਾਰ ਦੀ ਦੁਖੇ

437

ਐਵੇਂ ਦੋ ਕਲਬੂਤ ਬਣਾਏ
ਤੇਰੀ ਮੇਰੀ ਇਕ ਜਿੰਦੜੀ

438

ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ
ਤੇਰੀ ਮੇਰੀ ਇਕ ਜਿੰਦੜੀ

439

ਤੇਰਾ ਵਾਲ਼ ਵੀ ਬਿੰਗਾ ਨਾ ਹੋਵੇ
ਤੇਰੀ ਆਈ ਮੈਂ ਮਰ ਜਾਂ

440

ਲੋਕਾਂ ਭਾਣੇਂ ਕੱਢਾਂ ਗਾਲ੍ਹੀਆਂ
ਤੈਨੂੰ ਦੇਖ ਕੇ ਖੰਨਾ ਟੁੱਕ ਖਾਵਾਂ

441

ਤੇਰਾ ਕੁਛ ਨਾ ਦੁਖੇ ਮੁਟਿਆਰੇ
ਤੇਰੀ ਆਈ ਮੈਂ ਮਰਜਾਂ

442

ਤੈਨੂੰ ਬਦੀ ਨਾ ਨੰਦ ਕੁਰੇ ਕੋਈ
ਮਿੱਤਰਾਂ ਨੂੰ ਨਿੱਤ ਬਦੀਆਂ

443

ਦੰਦੀ ਵੱਢ ਲੈ ਜਿਗਰੀਆ ਯਾਰਾ
ਕਹਿ ਦੂੰ ਗੀ ਭਰਿੰਡ ਲੜਗੀ

444

ਉੱਠ ਖੜ ਰਾਜ ਕੁਰੇ
ਨਬਜ਼ਾਂ ਦੇਖਣ ਪਿਆਰੇ

445

ਦਰਸ਼ਨ ਸੱਜਣਾਂ ਦੇ
ਲੱਗਦੇ ਤੀਰਥਾਂ ਵਰਗੇ

446
ਭੱਤਾ ਲੈ ਕੇ ਚੱਲੀ ਖੇਤ ਨੂੰ
ਜੱਟੀ ਪੰਦਰਾਂ ਮੁਰੱਬਿਆਂ ਵਾਲੀ

447
ਉੱਡੇ ਡੋਰੀਆ ਗੰਢੇ ਦੀ ਛਿੱਲ ਵਰਗਾ
ਭੱਤਾ ਲੈ ਕੇ ਚੱਲੀ ਖੇਤ ਨੂੰ

448
ਤੈਨੂੰ ਚੰਦ ਦੇ ਬਹਾਨੇ ਦੇਖਾਂ
ਕੋਠੇ ਉੱਤੇ ਚੜ੍ਹ ਮਿੱਤਰਾ

449
ਤੈਨੂੰ ਹਾਰ ਬਣਾ ਕੇ ਗਲ਼ ਪਾਵਾਂ
ਕੋਠੇ ਉੱਤੇ ਆ ਜਾ ਮਿੱਤਰਾ

450
ਗੋਰੇ ਰੰਗ ਤੋਂ ਬਦਲ ਗਿਆ ਕਾਲ਼ਾ
ਕੀ ਗ਼ਮ ਖਾ ਗਿਆ ਮਿੱਤਰਾ

451
ਯਾਰ ਪੁੱਛਦੇ ਗੱਡੀ ਦਾ ਜੂਲਾ ਫੜ ਕੇ
ਫੇਰ ਕਦ ਆਵੇਂਗੀ

452
ਗੱਡੀ ਮਗਰ ਖੜੋਤਿਆ ਯਾਰਾ
ਮੈਂ ਕੀ ਤੈਨੂੰ ਪੰਡ ਬੰਨ੍ਹ ਦਿਆਂ

453
ਅਸੀਂ ਕਿਹੜਾ ਪੰਡ ਮੰਗਦੇ
ਸਾਥੋਂ ਰੋਂਦੀ ਝੱਲੀ ਨਾ ਜਾਵੇਂ

454
ਅੱਜ ਹੋਗੀ ਹੀਰ ਪਰਾਈ
ਕੁੜੀਆਂ ਨੂੰ ਲੈ ਜੋ ਮੋੜ ਕੇ

455
ਰੰਡੀ ਹੋਗੀ ਮੁਕਲਾਵੇ ਜਾਂਦੀ
ਮਿੱਤਰਾਂ ਦੀ ਹਾ ਪੈ ਗੀ

456
ਮਾਪੇ ਤੈਨੂੰ ਘਟ ਰੋਣਗੇ
ਬਹੁਤੇ ਰੋਣਗੇ ਯਾਰ ਸੁਨੇਹੀ

457
ਯਾਰ ਰੋਵੇ ਕਿੱਕਰਾਂ ਦੇ ਓਹਲੇ
ਗੱਡੀ ਵਿਚ ਮੈਂ ਰੋਵਾਂ

458
ਨੌਕਰ ਹੋਵੇ ਪਾਵਾਂ ਚਿੱਠੀਆਂ
ਸਾਧੂ ਹੋਏ ਦਾ ਕੀ ਲਾਜ ਬਣਾਵਾਂ

459
ਟੁੱਟਗੀ ਯਾਰੀ ਪੱਠੀਏ
ਮਨ ਮੁੜਿਆ ਹੈ ਦੀਂਹਦੀ ਨੀ

460
ਮੇਰੀ ਲੱਗਦੀ ਕਿਸੇ ਨਾ ਦੇਖੀ
ਟੁੱਟਦੀ ਨੂੰ ਜੱਗ ਜਾਣਦਾ

461
ਚਿੱਤ ਨਾ ਤੀਆਂ ਵਿਚ ਲੱਗਦਾ
ਯਾਰ ਬੀਮਾਰ ਪਿਆ

462
ਝੂਠੇ ਦਾਅਵੇ ਮਿੱਤਰਾਂ ਦੇ
ਲੈ ਜਾਣਗੇ ਜਿਨ੍ਹਾਂ ਨੇ ਦੰਮ ਖ਼ਰਚੇ

463
ਮੁੰਡਿਆ ਬਲੋਚਾਂ ਦਿਆ
ਤੇਰੇ ਢੋਲੇ ਰੜਕਦੇ ਹਿੱਕ ਤੇ

464
ਮੇਰੇ ਯਾਰ ਨੇ ਚੁਬਾਰਾ ਪਾਇਆ
ਚੜ੍ਹਦੀ ਦੇ ਪੱਟ ਫੁਲ ਗੇ

465
ਖੱਟੀ ਆਪਣੇ ਖਸਮ ਦੀ ਖਾਈਏ
ਯਾਰ ਦਾ ਨਾ ਘਰ ਪੱਟੀਏ

466
ਪੱਟੀ ਜਾਵੇਂਗੀ ਕਦੇ ਨੀ ਘਰ ਬਸਣਾ
ਦੋ ਦੋ ਯਾਰ ਰੱਖਦੀ

467
ਕੀੜੇ ਪੈਣਗੇ ਮਰੇਂਗੀ ਸੱਪ ਲੜ ਕੇ
ਮਿੱਤਰਾਂ ਨੂੰ ਦਗਾ ਦੇਣੀਏਂ

468
ਯਾਰੀ ਲਾਈ ਸੀ ਗੁਆਂਢਣ ਕਰਕੇ
ਘਰ ਬਾਰ ਲੈ ਗੀ ਲੁੱਟ ਕੇ

469
ਇਹਦੀ ਪਿੰਡ ਦੇ ਮੁੰਡੇ ਨਾਲ਼ ਯਾਰੀ
ਘੜਾ ਨਾ ਚਕਾਇਓ ਕੁੜੀਓ

470
ਖਸਮਾਂ ਨੂੰ ਖਾਣ ਕੁੜੀਆਂ
ਆਪੇ ਚੱਕ ਲੂੰ ਮੌਣ ਤੇ ਧਰ ਕੇ

471
ਕਾਹਨੂੰ ਮਾਰਦੈਂ ਚੰਦਰਿਆ ਡਾਕੇ
ਔਖੀ ਹੋਜੂ ਕੈਦ ਕੱਟਣੀ

472
ਯਾਰ ਡਾਕੇ ਮਾਰਦਾ ਨਾ ਸਮਝਾਇਆ
ਲੰਬੇ ਲੰਬੇ ਬੈਣ ਪਾਉਨੀ ਐਂ

473
ਕਾਹਨੂੰ ਰੋਨੀਏਂ ਢਿੱਲ੍ਹੇ ਜਹੇ ਬੁਲ੍ਹ ਕਰ ਕੇ
ਆਸ਼ਕਾਂ ਨੂੰ ਨਿੱਤ ਬਦੀਆਂ

474
ਤੇਰੇ ਦੁੱਖਾਂ ਨੇ ਵੈਰੀਆ ਮੇਰੀ
ਰੂੰ ਵਾਂਗ ਜਿੰਦ ਪਿੰਜ ਤੀ

475
ਲੱਕ ਬੰਨ੍ਹ ਕੇ ਪੱਤਣਾਂ ਤੇ ਖੜੀਆਂ
ਜਿਨ੍ਹਾਂ ਨੂੰ ਲੋੜ ਮਿੱਤਰਾਂ ਦੀ

476
ਸਾਰਾ ਬਾਗ਼ ਹਵਾਲੇ ਕੀਤਾ
ਮਿੱਤਰਾਂ ਨੇ ਫੁੱਲ ਮੰਗਿਆ

477
ਮਿੱਤਰਾਂ ਦੀ ਲੂਣ ਦੀ ਡਲ਼ੀ
ਤੂੰ ਮਿਸ਼ਰੀ ਕਰ ਕੇ ਜਾਣੀ

478
ਪਾਰ ਲੰਘਣਾ ਸੱਜਣ ਨੂੰ ਮਿਲਣਾ
ਹੱਥ ਨਾਲ਼ ਹੱਥ ਜੋੜਦੀ

479
ਅੱਧੀ ਤੇਰੀ ਆਂ ਮਲਾਹਜੇਦਾਰਾ
ਅੱਧੀ ਆਂ ਮੈਂ ਹੌਲਦਾਰ ਦੀ

480
ਜੀਹਦੇ ਘਰ ਦੇ ਘੂਰਦੇ ਮਾਪੇ
ਓਹਦੀ ਯਾਰੀ ਨਹੀਂ ਨਿਭਦੀ

481
ਕੰਧ ਟੱਪ ਕੇ ਭਨਾ ਲੇ ਗੋਡੇ
ਮਿੱਤਰਾਂ ਦੇ ਮਿਲਣੇ ਨੂੰ

482
ਕੱਚੇ ਦੁੱਧ ਨੂੰ ਜਾਗ ਨਾ ਲਾਵਾਂ
ਝਾਕਾਂ ਯਾਰ ਦੀਆਂ

483
ਤੇਰੀ ਯਾਰੀ ਨੇ ਵਫ਼ਾ ਨਾ ਕੀਤਾ
ਲੱਗ ਗਈਆਂ ਹੱਥ ਕੜੀਆਂ

484
ਕਿਹੜੇ ਯਾਰ ਦਾ ਤੱਤਾ ਦੁੱਧ ਪੀਤਾ
ਸੜ ਗਈਆਂ ਲਾਲ ਬੁੱਲ੍ਹੀਆਂ

485
ਕੁੱਤੀ ਮਰਜੇ ਗੁਆਂਢਣੇ ਤੇਰੀ
ਗਲ਼ੀ ਵਿਚੋਂ ਯਾਰ ਮੋੜਿਆ

486
ਹੱਥੀਂ ਯਾਰ ਵਿਦਾ ਨਾ ਕੀਤਾ
ਦਿਲ ਵਿਚ ਰੋਸ ਰਹਿ ਗਿਆ

487
ਗਲ਼ ਲੱਗ ਕੇ ਯਾਰ ਦੇ ਰੋਈ
ਮਾਪਿਆਂ ਝਿੜਕ ਦਿੱਤੀ

488
ਮੇਰੀ ਸੱਸ ਭਰਮਾਂ ਦੀ ਮਾਰੀ
ਹੱਸ ਕੇ ਨਾ ਲੰਘ ਵੈਰੀਆ

489
ਫੋਟੋ ਤੇਰੀ ਨੂੰ
ਨਿੱਤ ਉੱਠ ਕੇ ਕਲੇਜੇ ਲਾਵਾਂ

490
ਝੂਠੀ ਪੈ ਗੀ ਬਚਨਾਂ ਤੋਂ
ਮੱਥੇ ਯਾਰ ਦੇ ਲੱਗਿਆ ਨਾ ਜਾਵੇ

491
ਸੁਫ਼ਨੇ 'ਚ ਪੈਣ ਜੱਫੀਆਂ
ਅੱਖ ਖੁਲ੍ਹੀ ਤੋਂ ਨਜ਼ਰ ਨਾ ਆਇਆ

492
ਕੁੱਲੀ ਯਾਰ ਦੀ ਸੁਰਗ ਦਾ ਝੂਟਾ
ਅੱਗ ਲੱਗੇ ਮੰਦਰਾਂ ਨੂੰ

493
ਜਿੰਦ ਯਾਰ ਦੇ ਮੰਜੇ ਤੇ ਨਿਕਲ਼ੇ
ਸੁਰਗਾਂ ਨੂੰ ਜਾਣ ਹੱਡੀਆਂ

494
ਰਾਤੀਂ ਯਾਰ ਨੇ ਗਲ਼ੇ ਨਾਲ਼ ਲਾਈ
ਰੱਬ ਦਾ ਦੀਦਾਰ ਹੋ ਗਿਆ

495
ਚੰਨ ਭਾਵੇਂ ਨਿੱਤ ਚੜ੍ਹਦਾ
ਸਾਨੂੰ ਸੱਜਣਾਂ ਬਾਝ ਹਨ੍ਹੇਰਾ

496
ਜਿੰਦ ਨਿਕਲ਼ੇ ਦੋਹਾਂ ਦੀ ਸਾਂਝੀ
ਪੱਟਾਂ ਉੱਤੇ ਸੀਸ ਧਰ ਕੇ

497
ਤੈਨੂੰ ਵੇਖ ਕੇ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

498
ਹਾਰਿਆਂ 'ਚ ਦੁੱਧ ਕੜ੍ਹਦਾ
ਵੇ ਮੈਂ ਸੜ ਗਈ ਹਿਜ਼ਰ ਦੀ ਮਾਰੀ

## ਨਹੀਓਂ ਭੁੱਲਣਾ ਵਿਛੋੜਾ ਤੇਰਾ

499
ਨਹੀਂ ਭੁੱਲਣਾ ਵਿਛੋੜਾ ਤੇਰਾ
ਸੱਭੇ ਦੁੱਖ ਭੁੱਲ ਜਾਣਗੇ

500
ਯਾਰ ਤੁਰ ਗਿਆ ਵਿਛੋੜਾ ਦੇ ਕੇ
ਬੈਠੀ ਰੋਵਾਂ ਚਰਖੇ ਤੇ

501
ਤੰਦ ਤੇਰਿਆਂ ਦੁੱਖਾਂ ਦੀ ਪਾਵਾਂ
ਚਰਖਾ ਮੈਂ ਕੱਤਦੀ

502
ਕਿਤੇ ਹੋਣਗੇ ਸਬਬ ਨਾਲ਼ ਮੇਲੇ
ਅਜ ਦੇ ਵਿਛੜਿਆਂ ਦੇ

503
ਅੱਖਾਂ ਗਹਿਰੀਆਂ ਤੇ ਦਿਲ ਕੁਮਲਾਏ
ਜਿਨ੍ਹਾਂ ਦੇ ਰਾਤੀਂ ਯਾਰ ਵਿਛੜੇ

504
ਗੱਡੀ ਵਿਚ ਮੈਂ ਰੋਵਾਂ
ਯਾਰ ਰੋਵੇ ਕਿੱਕਰਾਂ ਦੇ ਓਹਲੇ

505
ਯਾਰ ਰੋਣ ਪਿੱਪਲ਼ਾਂ ਦੀ ਛਾਵੇਂ
ਗੱਡੀ ਵਿਚ ਮੈਂ ਰੋਵਾਂ

506
ਰੋਂਦੀ ਯਾਰਾਂ ਨੂੰ
ਨਾਂ ਵੀਰੇ ਦਾ ਲੈ ਕੇ

507
ਮੇਰਾ ਪੈਰ ਪਿਛਾਂਹ ਨੂੰ ਜਾਵੇ
ਮਿੱਤਰਾਂ ਦਾ ਪਿੰਡ ਛੱਡ ਕੇ

508
ਮੈਂ ਕਿਵੇਂ ਮੁਕਲਾਵੇ ਜਾਵਾਂ
ਮਿੱਤਰਾਂ ਦਾ ਪਿੰਡ ਛੱਡ ਕੇ

509
ਮੈਨੂੰ ਯਾਦ ਗੱਡੀ ਵਿਚ ਆਈਆਂ
ਲੱਗੀਆਂ ਤ੍ਰਿੰਜਣਾਂ ਦੀਆਂ

510
ਸੱਸੇ ਵੇਖ ਨੀ ਜਵਾਨੀ ਮੇਰੀ
ਮੋੜ ਪੁੱਤ ਆਪਣੇ ਨੂੰ

511
ਮੇਰੇ ਯਾਰ ਦਾ ਵਿਛੋੜਾ ਪਾਇਆ
ਟੁੱਟ ਜਾਏਂ ਰੇਲ ਗੱਡੀਏ

512
ਪੁੱਤ ਮਰਨ ਬਾਬੂਆ ਤੇਰੇ
ਟਿਕਟਾਂ ਕਿਉਂ ਦਿੱਤੀਆਂ

513
ਨਾ ਜਾ ਬਰ੍ਹਮਾ ਨੂੰ
ਤੇਰੇ ਲੇਖ ਜਾਣਗੇ ਨਾਲ਼ੇ

514
ਪੱਕੀ ਪਕਾਈ ਰਹਿਗੀ ਤਵੇ ਤੇ ਰੋਟੀ
ਬਸਰੇ ਨੂੰ ਤੋਰ ਦਿੱਤਾ

515
ਮੇਰਾ ਲਿਖ ਰੰਡੀਆਂ ਵਿਚ ਨਾਵਾਂ
ਬਸਰੇ ਨੂੰ ਜਾਣ ਵਾਲਿਆ

516
ਭਾਗਾਂ ਵਾਲਿਆਂ ਦੇ ਹੋਣ ਮੁਕਲਾਵੇ
ਸਾਡੇ ਭਾ ਦਾ ਮਲ਼ ਪੈ ਗਿਆ

517
ਮੈਂ ਰੰਡੀਓਂ ਸੁਹਾਗਣ ਹੋਵਾਂ
ਜੇ ਬਸਰੇ ਦੀ ਲਾਮ ਟੁੱਟ ਜੇ

518
ਰੰਨਾਂ ਵਾਲ਼ੇ ਜੰਗ ਜਿਤਦੇ
ਕਿੱਥੇ ਲਿਖਿਆ ਫਰੰਗੀਆ ਦਸ ਵੇ

519
ਛੜਿਆਂ ਨੂੰ ਲੈ ਜਾ ਲਾਮ ਤੇ
ਜਿੱਤ ਹੋ ਜੂ ਫਰੰਗੀਆ ਤੇਰੀ

520
ਕਟ ਦੇ ਫਰੰਗੀਆ ਨਾਵਾਂ
ਇਕੋ ਪੁੱਤ ਮੇਰੀ ਸੱਸ ਦਾ

521
ਚੜ੍ਹ ਗਿਆ ਡਾਕ ਗੱਡੀ
ਮੈਨੂੰ ਦੇ ਗਿਆ ਜੱਕੇ ਦਾ ਭਾੜਾ

522
ਤੇਰੇ ਨਾਲ਼ ਨੀ ਤਲੰਗਿਆ ਜਾਣਾ
ਛੱਡ ਜਾਏਂ ਟੇਸਣ ਤੇ

523
ਰਾਤਾਂ ਕਾਲ਼ੀਆਂ ਕੱਲੀ ਨੂੰ ਡਰ ਆਵੇ
ਛੁੱਟੀ ਲੈ ਕੇ ਆ ਜਾ ਨੌਕਰਾ

524
ਤੇਰਾ ਲੱਗੇ ਨਾ ਲਾਮ ਵਿਚ ਨਾਵਾਂ
ਬਿਨ ਮੁਕਲਾਈ ਛੱਡ ਵੇ ਗਿਆ

525
ਕੱਚੀ ਨੌਕਰੀ ਕੀ ਪਾਰ ਲਖਾਉਣਾ
ਛੁੱਟੀ ਲੈ ਕੇ ਆ ਜਾ ਨੌਕਰਾ

526
ਕਿਹੜੀ ਛਾਉਣੀ ਲਵਾ ਲਿਆ ਨਾਵਾਂ
ਚਿੱਠੀਆਂ ਬਰੰਗ ਭੇਜਦੈਂ

527
ਮੇਰੇ ਮਾਹੀ ਦਾ ਸੁਨੇਹਾ ਲੈ ਜਾ
ਬਸਰੇ ਨੂੰ ਜਾਣ ਵਾਲ਼ਿਆ

528
ਡਾਕੀਏ ਨੂੰ ਦੋਸ਼ ਦਿੰਨੀ ਏਂ
ਤੇਰਾ ਸ਼ਾਮ ਚਿੱਠੀਆਂ ਨਾ ਪਾਵੇ

529
ਚਿੱਠੀਆਂ ਕਿਧਰ ਨੂੰ ਪਾਵਾਂ
ਦੱਸ ਕੇ ਨਾ ਗਿਆ ਮਿੱਤਰਾ

530
ਚਿੱਠੀ ਇਕ ਦਰਦੀ ਦੀ ਆਈ
ਕਾਗਤਾਂ ਦਾ ਰੁੱਗ ਆ ਗਿਆ

531
ਚਿੱਠੀ ਕਿਹੜੇ ਹੌਸਲੇ ਪਾਵਾਂ
ਦੇਮੇਂ ਨਾ ਜਵਾਬ ਸੁਹਣੀਏਂ

532
ਕਾ.ਗਜ਼ਾਂ ਨਾ.ਲ਼ ਘਰ ਭਰਤਾ
ਕਦੇ ਆਉਣ ਦੀ ਚਿੱਠੀ ਨਾ ਪਾਈ

533
ਹਾਰ ਜਾਏਂ ਜਰਮਨੀਆਂ
ਮੇਰਾ ਸਿੰਘ ਕੈਦ ਜਿਨ ਕੀਤਾ

534
ਕੈਦਾਂ ਉਮਰ ਦੀਆਂ
ਕੰਤ ਜਿਨ੍ਹਾਂ ਦੇ ਨੌਕਰ

535
ਵਹੁਟੀ ਨੌਕਰ ਦੀ
ਅੱਗ ਬਾਲ਼ ਕੇ ਧੂੰਏਂ ਦੇ ਪੱਜ ਰੋਵੇ

536
ਭਿੱਜ ਗਿਆ ਲਾਲ ਪੰਘੂੜਾ
ਰਾਤੀਂ ਰੋਂਦੀ ਦਾ

537
ਮਾਹੀ ਮੇਰਾ ਲਾਮ ਨੂੰ ਗਿਆ
ਮੇਰੇ ਬੱਜਣ ਕਲੇਜੇ ਛੁਰੀਆਂ

538
ਕਿਤੇ ਸੁਖ ਦਾ ਸੁਨੇਹਾ ਘਲ ਵੇ
ਮੁੱਦਤਾਂ ਗੁਜ਼ਰ ਗੀਆਂ

539
ਬੱਦਲਾਂ ਨੂੰ ਦੇਖ ਰਹੀ
ਮੈਂ ਤੇਰਾ ਸੁਨੇਹਾ ਪਾ ਕੇ

540
ਸੁੱਤੀ ਪਈ ਨੂੰ ਹਿਚਕੀਆਂ ਆਈਆਂ
ਮਿੱਤਰਾਂ ਨੇ ਯਾਦ ਕਰੀ

541
ਅੱਖ ਖੁੱਲ੍ਹਗੀ ਨਜ਼ਰ ਨਾ ਆਇਆ
ਸੁਫ਼ਨੇ 'ਚ ਪੈਣ ਜੱਫੀਆਂ

542
ਮੈਨੂੰ ਮੱਸਿਆ 'ਚ ਪੈਣ ਭੁਲੇਖੇ
ਤੇਰੀ ਵੇ ਸੰਧੂਰੀ ਪੱਗ ਦੇ

543
ਸੰਧੂਰੀ ਪੱਗ ਦੇ ਭੁਲੇਖੇ ਪੈਂਦੇ
ਤ੍ਰਿੰਜਣਾਂ 'ਚ ਕੱਤਦੀ ਨੂੰ

544
ਕਦੀ ਪਾ ਵਤਨਾਂ ਵਲ ਫੇਰਾ
ਝਾਕਦੀ ਦੀ ਅੱਖ ਥੱਕ ਗੀ

545
ਪੁੱਤਰਾ ਸਹੁਰੇ ਦਿਆ
ਕਦੀ ਬਣ ਕੇ ਪਰਾਹੁਣਾ ਆ

546
ਕਿਤੇ ਮਿਲ ਵੇ ਭੈਣ ਦਿਆ ਵੀਰਾ
ਮੇਲੇ ਮੁਕਤਸਰ ਦੇ

547
ਮੱਸਿਆ ਸਵੇਰ ਦੀ ਵਗੇ
ਪੁੱਤ ਸਹੁਰੇ ਦਾ ਨਜ਼ਰ ਨਾ ਆਵੇ

548
ਮਾਪੇ ਮੈਨੂੰ ਰੋਗ ਪੁੱਛਦੇ
ਪਾਣੀ ਮੇਰਿਆਂ ਹੱਡਾਂ ਦਾ ਸੁੱਕਿਆ

549
ਚਿੱਤ ਲੱਗੇ ਨਾ ਉਦਾਸਣ ਹੋਈ
ਕਰਦੀ ਦਿਨ ਕਟੀਆਂ

550
ਕਿਹੜਾ ਗ਼ਮ ਨੀ ਜਾਨ ਨੂੰ ਲਾਇਆ
ਗੱਲ੍ਹਾਂ ਵਾਲ਼ਾ ਰੰਗ ਉਡਿਆ

551
ਮੇਰਾ ਹੈ ਨੀ ਦਿਲਾਂ ਦਾ ਭੇਤੀ
ਕੀਹਦੇ ਕੋਲ ਭੇਤ ਦੱਸ ਦਾਂ

552
ਕਿਤੇ ਟੱਕਰੇਂ ਤਾਂ ਹਾਲ ਸੁਣਾਵਾਂ
ਦੁੱਖਾਂ ਵਿਚ ਪੈ ਗੀ ਜਿੰਦੜੀ
553
ਘਰ ਦੇ ਕੰਤ ਬਿਨਾਂ
ਕੌਣ ਦੁੱਖਾਂ ਦਾ ਸੀਰੀ
554
ਰੋਂਦੀ ਯਾਰ ਦੇ ਸਿਵੇ ਨੂੰ ਜਾਵੇ
ਖੁੱਲ੍ਹੀਆਂ ਬਾਬਰੀਆਂ
555
ਨਾ ਰੋ ਧੀਏ ਸੱਸੀਏ
ਪੁੰਨੂੰ ਵਰਗੇ ਬਲੋਚ ਬਥੇਰੇ
556
ਐਵੇਂ ਅੱਖੀਆਂ 'ਚੋਂ ਨਾ ਨੀਰ ਵਹਾਈਏ
ਚਿੱਤ ਨੂੰ ਟਿਕਾਣੇ ਰੱਖੀਏ
557
ਮੁੰਡੇ ਰੋਂਦੇ ਨੇ ਰੁਮਾਲੀਆਂ ਵਾਲ਼ੇ
ਨੰਦ ਕੁਰ ਰੇਲ ਚੜ੍ਹਗੀ
558
ਤੈਨੂੰ ਕੀ ਮੁਕਲਾਵਾ ਤਾਰੂ
ਰੋਂਦੇ ਯਾਰ ਛੱਡ ਗੀ
559
ਜਿੰਦ ਜਾਨ ਵੇ ਸੁਰਤ ਵਿਚ ਤੇਰੇ
ਲੋਕਾਂ ਭਾਣੇ ਦੂਰ ਵੱਸਦੀ
560
ਦੁਨੀਆ ਲੱਖ ਵੱਸਦੀ
ਸਾਨੂੰ ਮਿੱਤਰਾਂ ਬਾਝ ਹਨੇਰਾ
561
ਸਾਨੂੰ ਮਿੱਤਰਾਂ ਬਾਝ ਹਨੇਰਾ
ਚੰਦ ਭਾਮੇਂ ਨਿੱਤ ਚੜ੍ਹਦਾ
562
ਰੱਬ ਵਰਗਾ ਆਸਰਾ ਤੇਰਾ
ਜਿਊਂਦਾ ਰਹਿ ਮਿੱਤਰਾ

563
ਰੱਬ ਵਰਗਾ ਆਸਰਾ ਤੇਰਾ
ਲੰਘੀਓਂ ਮਰੋੜਾ ਮਾਰ ਕੇ

564
ਯਾਰ ਹੋਣ ਗੇ ਮਿਲਣ ਗੇ ਆਪੇ
ਚਿੱਤ ਨੂੰ ਟਿਕਾਣੇ ਰੱਖੀਏ

565
ਜਿਊਂਦੇ ਰਹੇ ਤਾਂ ਮਿਲਾਂਗੇ ਲੱਖ ਵਾਰੀ
ਲੰਬਾ ਜੇਰਾ ਰੱਖ ਮਿੱਤਰਾ

566
ਯਾਰ ਹੋਣਗੇ ਮਿਲਣਗੇ ਆਪੇ
ਰੱਬ ਉੱਤੇ ਰੱਖ ਡੋਰੀਆਂ

567
ਕਦੀ ਹੋਣਗੇ ਸਬੱਬ ਨਾਲ਼ ਮੇਲੇ
ਅੱਜ ਦੇ ਵਿਛੜਿਆਂ ਦੇ

568
ਇਕ ਵਾਰੀ ਮੇਲ ਦਈਂ ਵੇ ਰੱਬਾ
ਕਿਤੇ ਵਿਛੜੇ ਹੀ ਨਾ ਮਰ ਜਾਈਏ

569
ਕਦੋਂ ਹੋਣਗੇ ਯਾਰ ਨਾਲ਼ ਮੇਲੇ
ਪਾਂਡਿਆ ਮੇਰਾ ਹੱਥ ਦੇਖ ਦੇ

## ਹਾਰ ਸ਼ਿੰਗਾਰ

570

*ਆਰਸੀ*

ਅੱਧੀ ਰਾਤੇ ਪਾਣੀ ਮੰਗਦਾ
ਮੈਂ ਤਾਂ ਆਰਸੀ ਦਾ ਕੌਲ ਬਣਾਇਆ

571

ਮੇਰਾ ਆਰਸੀ ਤੋਂ ਹੱਥ ਖ਼ਾਲੀ
ਵੀਰਾ ਵੇ ਮੁਰੱਬੇ ਵਾਲ਼ਿਆ

572

*ਸੱਗੀ ਫੁੱਲ*

ਸੱਗੀ ਫੁੱਲ ਸੁਹਾਗਣ ਦਾ ਗਹਿਣਾ
ਦੂਰੋਂ ਲੱਗੇ ਸਾਈਂ ਸਿਰ ਦਾ

573

*ਸੁਰਮਾਂ*

ਸੁਰਮਾਂ ਕਹਿਰ ਦੀ ਗੋਲ਼ੀ
ਬਿੱਲੀਆਂ ਅੱਖੀਆਂ ਨੂੰ

574

ਸੁਰਮਾਂ ਕਿਹੜੀਆਂ ਅੱਖਾਂ ਵਿਚ ਪਾਵਾਂ
ਅੱਖੀਆਂ 'ਚ ਯਾਰ ਵੱਸਦਾ

575

ਸੁਰਮਾਂ ਨੌਂ ਰੱਤੀਆਂ
ਡਾਕ ਗੱਡੀ ਵਿਚ ਆਇਆ

576

ਧਾਰੀ ਬੰਨ੍ਹ ਸੁਰਮਾਂ ਨਾ ਪਾਈਏ
ਪਿਉਕੇ ਪਿੰਡ ਕੁੜੀਏ

577

ਮੁੰਡਾ ਪੱਟਿਆ ਨਵਾਂ ਪਟਵਾਰੀ
ਅੱਖਾਂ ਵਿਚ ਪਾ ਕੇ ਸੁਰਮਾਂ

578

ਲੋਕਾਂ ਭਾਣੇ ਹੋਗੀ ਕੰਜਰੀ
ਸੁਰਮਾਂ ਅੱਖਾਂ ਦੀ ਦਾਰੂ

579

*ਸ਼ੀਸ਼ਾ*

ਤੇਰੇ ਰੰਗ ਤੋਂ ਤੇਜ਼ ਰੰਗ ਮੇਰਾ
ਸ਼ੀਸ਼ਾ ਦੇਖ ਮਿੱਤਰਾ

580

*ਕਲਿੱਪ*

ਮਾਂਗ ਤੇ ਸੰਧੂਰ ਭੁੱਕ ਕੇ
ਰੰਨ ਮਾਰਦੀ ਛੱਪੜ ਤੇ ਗੇੜੇ

581

ਘੁੰਡ ਕੱਢਣਾ ਕਲਿੱਪ ਨੰਗਾ ਰੱਖਣਾ
ਸਹੁਰੀਂ ਜਾ ਕੇ ਦੋ ਦੋ ਪਿਟਣੇ

582

ਨੰਗਾ ਰੱਖਦੀ ਕਲਿੱਪ ਵਾਲਾ ਪਾਸਾ
ਜੇਠ ਕੋਲ਼ੋਂ ਘੁੰਡ ਕੱਢਦੀ

583

ਲੋਕਾਂ ਭਾਣੇ ਘੁੰਡ ਕੱਢਦੀ
ਨੰਗਾ ਰੱਖਦੀ ਕਲਿੱਪਾਂ ਵਾਲ਼ਾ ਪਾਸਾ

584

*ਕੋਕੇ ਵਾਲੀ ਡਾਂਗ*

ਨਾਂ ਲਿਖ ਲਿਆ ਬਚਨੀਏਂ ਤੇਰਾ
ਕੋਕੇ ਵਾਲ਼ੀ ਡਾਂਗ ਦੇ ਉੱਤੇ

585

*ਕੈਂਠਾ*

ਕੈਂਠੇ ਵਾਲ਼ਾ ਧਾਰ ਕੱਢਦਾ
ਦੁਧ ਰਿੜਕੇ ਝਾਂਜਰਾਂ ਵਾਲ਼ੀ

586

ਕੱਢ ਨੀ ਸੰਦੂਕ ਵਿਚੋਂ ਕੈਂਠਾ
ਮੇਲੇ ਵਿਚ ਢੋਲ ਵੱਜਦਾ

587

ਪਾਣੀ ਡੋਲ੍ਹਗੀ ਝਾਂਜਰਾਂ ਵਾਲ਼ੀ
ਕੈਂਠੇ ਵਾਲ਼ਾ ਤਿਲ੍ਹਕ ਗਿਆ

588

*ਕੰਬਲੀ ਤੇ ਪਾਈਆਂ ਬੂਟੀਆਂ*

ਚੱਜ ਨੀ ਬੱਸਣ ਦੇ ਤੇਰੇ
ਕੰਬਲੀ ਤੇ ਪਾਈਆਂ ਬੂਟੀਆਂ

589

*ਘੱਗਰਾ*

ਕਾਲ਼ਾ ਘੱਗਰਾ ਸੰਦੂਕ ਵਿਚ ਮੇਰਾ
ਦੇਖ ਦੇਖ ਰੋਏਂਗਾ ਜੱਟਾ

590

ਕਾਲ਼ਾ ਘੱਗਰਾ ਕਿੱਲੀ 'ਤੇ ਟੰਗਿਆ
ਦੇਖ ਦੇਖ ਰੋਏਂਗਾ ਜੱਟਾ

591

*ਘੁੰਡ*

ਘੁੰਡ ਕੱਢ ਕੇ ਪੈਰੀਂ ਹੱਥ ਲਾਵਾਂ
ਸਹੁਰਾ ਮੇਰਾ ਰੱਬ ਵਰਗਾ

592

ਘੁੰਡ ਸਣੇ ਹੀ ਲੜਾਈਆਂ ਹੋਈਆਂ
ਸਹੁਰੇ ਨਾਲ਼ ਅੱਡ ਹੋਣ ਤੋਂ

593

ਗੱਲਾਂ ਕਰਦੀ ਜੇਠ ਨਾਲ਼ ਮਿੱਠੀਆਂ
ਕਾਣਾ ਜਿਹਾ ਘੁੰਡ ਕੱਢ ਕੇ

594

ਕਾਹਦਾ ਅੱਖੀਆਂ ਦਾ ਦੋਸ਼ ਮੁਟਿਆਰੇ
ਘੁੰਡ ਵਿਚ ਕੈਦ ਰੱਖੀਆਂ

595

*ਚੰਦ*

ਚੰਦ ਚੌਂਕ ਜੱਟੀਆਂ ਦੇ
ਸੱਗੀ ਫੁੱਲ ਸਰਕਾਰੀ ਗਹਿਣਾ

596

ਜਿਹੜੇ ਲਏ ਸੀ ਬਾਗ਼ ਦੇ ਓਹਲੇ
ਮੋੜ ਚੰਦ ਮਿੱਤਰਾਂ ਦੇ

597

*ਚੂੜਾ*

ਕਦੀ ਹਾਕ ਨਾ ਚੰਦਰੀਏ ਮਾਰੀ
ਚੂੜੇ ਵਾਲ਼ੀ ਬਾਂਹ ਕੱਢ ਕੇ

598

ਤੇਰੀ ਚੰਦਰੀ ਦੀ ਜ਼ਾਤ ਤਖਾਣੀ
ਚੂੜਾ ਪਾ ਕੇ ਸੱਕ ਹੂੰਝਦੀ

599

*ਚੂੜੀਆਂ*

ਤੇਰੀ ਜੇਬ 'ਚ ਖੜਕਦੇ ਪੈਸੇ
ਹੱਥਾਂ ਨੂੰ ਚੜ੍ਹਾ ਦੇ ਚੂੜੀਆਂ

600

ਨੈਣਾਂ ਦੇਵੀ ਤੋਂ ਚੂੜੀਆਂ ਲਿਆਏ
ਤੇਰੇ ਨਾਲ਼ੋਂ ਮਿੱਤਰ ਚੰਗੇ

601

ਤੇਰੇ ਚੂੜੀਆਂ ਪਸੰਦ ਨਾ ਆਈਆਂ
ਨੀ ਸਾਰਾ ਮੇਲਾ ਗਾਹ ਮਾਰਿਆ

602

ਅਸੀਂ ਕਲ੍ਹ ਮੁਕਲਾਵੇ ਜਾਣਾ
ਮਾਏਂ ਨੀ ਚੜ੍ਹਾ ਦੇ ਚੂੜੀਆਂ

603

ਮੁੰਡਾ ਭੰਨਦਾ ਕਿਰਕ ਨੀ ਕਰਦਾ
ਮੇਰੀਆਂ ਬਰੀਕ ਚੂੜੀਆਂ

604

*ਚੰਦਰਾ ਸ਼ੁਕੀਨ ਬਣ ਗਿਆ*

ਚੰਦਰਾ ਸ਼ੁਕੀਨ ਬਣ ਗਿਆ
ਪਾ ਕੇ ਰੇਬ ਪਜਾਮਾ

605

ਬੰਨ੍ਹ ਕੇ ਖੱਦਰ ਦਾ ਸਾਫਾ
ਚੰਦਰਾ ਸ਼ੁਕੀਨ ਬਣ ਗਿਆ

606

*ਚਾਦਰਾ*

ਵੈਲੀ ਪੁੱਤਾਂ ਦੇ ਚਾਦਰੇ ਧੂਹਣੇ
ਘਰਾਂ ਵਿਚ ਭੰਗ ਭੁੱਜਦੀ

607
ਧੋ ਦੇ ਚਾਦਰਾ ਲਾਹੌਰੀ ਲੂਣ ਪਾ ਕੇ
ਮੇਲੇ ਜਾਣਾ ਮੁਕਸਰ ਦੇ

608
*ਚੁੰਨੀ ਰੰਗ ਦੇ ਲਲਾਰੀਆ ਮੇਰੀ*
ਚੁੰਨੀ ਰੰਗਦੇ ਲਲਾਰੀਆ ਮੇਰੀ
ਅਲ਼ਸੀ ਦੇ ਫੁੱਲ ਵਰਗੀ

609
ਚੀਰਾ ਰੰਗ ਦੇ ਲਲਾਰੀਆ ਮੇਰਾ
ਪਤਲੇ ਦੀ ਪੱਗ ਵਰਗਾ

610
*ਚਿੱਟੇ ਦੰਦ ਮੋਤੀਆਂ ਦੇ ਦਾਣੇ*
ਚਿੱਟੇ ਦੰਦ ਮੋਤੀਆਂ ਦੇ ਦਾਣੇ
ਹਸਦੀ ਦੇ ਕਿਰ ਜਾਣਗੇ

611
ਚਿੱਟਿਆਂ ਦੰਦਾਂ ਦੀ ਮਾਰੀ
ਦਾਤਣ ਨਿੱਤ ਕਰਦੀ

612
ਚਿੱਟੇ ਦੰਦ ਹੱਸਣੋਂ ਨਾ ਰਹਿੰਦੇ
ਦੁਨੀਆ ਭਰਮ ਕਰੇ

613
*ਜੰਜੀਰੀ*
ਸ਼ਰਮਾਂ ਚੱਕ ਧਰੀਆਂ
ਹਿੱਕ ਤੇ ਜੰਜੀਰੀ ਲਾ ਕੇ

614
ਸੁੱਤੀ ਪਈ ਦੀ ਜੰਜੀਰੀ ਖੜਕੇ
ਗੱਭਰੂ ਦਾ ਮੱਚੇ ਕਾਲ਼ਜਾ

615
ਮੇਰੀ ਕੁੜਤੀ ਖੱਲਾਂ ਦਾ ਕੂੜਾ
ਬਾਅਝ ਜੰਜੀਰੀ ਤੋਂ

616
*ਜਾਗਟ*
ਘੁੰਡ ਕੱਢ ਕੇ ਮੋਰਨੀ ਪਾਵਾਂ
ਬਾਬੇ ਦੀ ਜਾਗਟ ਤੇ

617

*ਜੁੱਤੀ*

ਜੁੱਤੀ ਚੀਕਣੀ ਲਿਆ ਦੇ ਵੇ ਕਸੂਰ ਤੋਂ
ਧੌੜੀ ਮੇਰੇ ਪੈਰ ਛਿਲਦੀ

618

ਜੁੱਤੀ ਖਲਦੀ ਮਰੋੜਾ ਨਹੀਓਂ ਝਲਦੀ
ਤੋਰ ਪੰਜਾਬਣ ਦੀ

619

*ਝਾਂਜਰ*

ਅੱਗ ਲਾ ਗੀ ਝਾਂਜਰਾਂ ਵਾਲ਼ੀ
ਲੈਣ ਆਈ ਪਾਣੀ ਦਾ ਛੰਨਾ

620

ਝਾਂਜਰ ਪਤਲੋ ਦੀ
ਠਾਣੇਦਾਰ ਦੇ ਚੁਬਾਰੇ ਵਿਚ ਖੜਕੇ

621

ਅੱਗ ਲਾ ਗੀ ਝਾਂਜਰਾਂ ਵਾਲੀ
ਅਸੀਂ ਨਿੱਜ ਪਾਣੀ ਮੰਗਿਆ

622

ਤੇਰੇ ਝਾਂਜਰਾਂ ਬੱਜਣ ਨੂੰ ਪਾਈਆਂ
ਲੰਘ ਗਈ ਪੈਰ ਦੱਬ ਕੇ

623

ਪਾਣੀ ਡੋਲ੍ਹਗੀ ਝਾਂਜਰਾਂ ਵਾਲ਼ੀ
ਕੈਂਠੇ ਵਾਲ਼ਾ ਤਿਲ੍ਹਕ ਗਿਆ

624

ਸਣੇਂ ਝਾਂਜਰਾਂ ਨਾ ਸੌਂ ਜੀਂ ਮੁਟਿਆਰੇ
ਕੱਚੀ ਨੀਂਦ ਬੁੱਢਿਆਂ ਦੀ

625

*ਝੁਮਕੇ*

ਨਿੰਮ ਨਾਲ਼ ਝੂਟਦੀਏ
ਤੇਰੇ ਝੁਮਕੇ ਲੈਣ ਹੁਲਾਰੇ

626

ਮੇਰੇ ਝੁਮਕੇ ਲੈਣ ਹੁਲਾਰੇ
ਨਰਮਾ ਚੁਗਦੀ ਦੇ

627

ਮੇਰੇ ਕੰਨਾਂ ਨੂੰ ਕਰਾ ਦੇ ਝੁਮਕੇ
ਤੇ ਹੱਥਾਂ ਨੂੰ ਸੁਨਹਿਰੀ ਚੂੜੀਆਂ

628

*ਤਵੀਤ*

ਤੂੰ ਕੀ ਘੋਲ ਤਵੀਤ ਪਲ਼ਾਏ
ਲੱਗੀ ਤੇਰੇ ਮਗਰ ਫਿਰਾਂ

629

ਘੁੰਡ ਕੱਢਣਾ ਤਬੀਤ ਨੰਗਾ ਰੱਖਣਾ
ਛੜਿਆਂ ਦੀ ਹਿੱਕ ਲੂਹਣ ਨੂੰ

630

ਮੁੰਡਾ ਛੱਡ ਗਿਆ ਬੀਹੀ ਦਾ ਖਹਿੜਾ
ਪੰਜਾਂ ਦੇ ਤਵੀਵ ਬਦਲੇ

631

ਲੱਗੀ ਮਗਰ ਫਿਰੇਂਗੀ ਮੇਰੇ
ਹੁੱਬ ਦੇ ਤਵੀਤ ਪਾ ਦਿਊਂ

632

*ਨੱਥ ਮੱਛਲੀ*

ਤੇਰੀ ਚੂਸ ਲਾਂ ਬੁਲ੍ਹਾਂ ਦੀ ਲਾਲੀ
ਮੱਛਲੀ ਦਾ ਪੱਤ ਬਣ ਕੇ

633

ਤੇਰੇ ਬੁਲ੍ਹਾਂ ਦੇ ਚੁਬੱਚੇ ਵਿਚ ਤਰਦੀ
ਜੀ ਕਰੇ ਖਾ ਜਾਂ ਮੱਛਲੀ

634

ਦੋ ਪੱਤ ਮੱਛਲੀ ਦੇ
ਜਾਂਦੇ ਰਾਹੀ ਦੀ ਨਿਗਾਹ ਬੰਦ ਕਰਦੇ

635

ਤਿੰਨ ਪੱਤ ਮੱਛਲੀ ਦੇ
ਜੱਟ ਚੱਬ ਗਿਆ ਸ਼ਰਾਬੀ ਹੋ ਕੇ

636

*ਨੱਤੀਆਂ*

ਆਹ ਲੈ ਨੱਤੀਆਂ ਕਰਾ ਲੈ ਪਿੱਪਲ ਪੱਤੀਆਂ
ਕਿਸੇ ਅੱਗੇ ਗੱਲ ਨਾ ਕਰੀਂ

637
ਤੈਨੂੰ ਨੱਤੀਆਂ ਬਹੂ ਨੂੰ ਪਿੱਪਲ ਪੱਤੀਆਂ
ਵਿਆਹ ਕਰਵਾ ਮਿੱਤਰਾ

638
ਹਾੜ੍ਹੀ ਆਈ ਤੇ ਤੁਰੂ ਮੁਕਲਾਵਾ
ਨੱਤੀਆਂ ਦੀ ਪਹੁੰਚ ਨਹੀਂ

639
ਨੱਤੀਆਂ ਕਰਾਈਆਂ ਰਹਿ ਗਈਆਂ
ਦਿਨ ਚੜ੍ਹਦੇ ਨੂੰ ਜੰਮ ਪੀ ਤਾਰੋ

640
ਚਿੱਟੇ ਚਾਦਰੇ ਕੰਨਾਂ ਵਿਚ ਨੱਤੀਆਂ
ਵੇਖੋ ਮੇਰੇ ਪਿੰਡ ਦੇ ਮੁੰਡੇ

641
ਚਿੱਟਾ ਚਾਦਰਾ ਕੰਨਾਂ 'ਚ ਨੱਤੀਆਂ
ਪਟਦਾ ਸ਼ੁਕੀਨੀ ਨੇ

642
*ਪੰਜੇਬ*
ਲੱਤ ਮਾਰੂੰਗੀ ਪੰਜੇਬਾਂ ਵਾਲ਼ੀ
ਪਰੇ ਹੋ ਜਾ ਜੱਟੂ ਵੱਟਿਆ

643
*ਪਹੁੰਚੀ*
ਹੱਥ ਮੱਚ ਗੇ ਪਹੁੰਚੀਆਂ ਵਾਲ਼ੇ
ਧੁੱਪੇ ਮੈਂ ਪਕਾਵਾਂ ਰੋਟੀਆਂ

644
ਢਿੱਲੇ ਹੋ ਗੇ ਗਲ਼ਾਂ ਦੇ ਮੂੰਗੇ
ਲਿੱਸੀ ਹੋ ਗੀ ਤੂੰ ਬਚਨੋ

645
ਮੇਲੇ ਜਾਏਂਗਾ ਲਿਆ ਦੀਂ ਪਹੁੰਚੀ
ਲੈ ਜਾ ਮੇਰਾ ਗੁੱਟ ਮਿਣ ਕੇ

646
ਮੇਰੇ ਹੱਥ ਨੂੰ ਕਰਾ ਦੇ ਪਹੁੰਚੀ
ਲੈ ਜਾ ਮੇਰਾ ਗੁੱਟ ਮਿਣ ਕੇ

647

*ਪੱਟੀਆਂ*

ਨਾਮਾ ਬੋਲਦਾ ਮਰਾਸਣੇ ਤੇਰਾ
ਪੱਟੀਆਂ ਨਾਇਣ ਗੁੰਦੀਆਂ

648

*ਪੱਖੀ ਨੂੰ ਲਵਾ ਦੇ ਘੁੰਗਰੂ*

ਹਾੜ੍ਹੀ ਵੱਢੂੰਗੀ ਨਾਲ਼ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ

649

ਜਿੱਦਣ ਦੀ ਮੈਂ ਹੋ ਗੀ ਸਾਧਣੀ
ਪਊਏ ਰੱਖਦੀ ਘੁੰਗਰੂਆਂ ਵਾਲ਼ੇ

650

ਥਾਲ਼ੀ ਭੰਨ ਕੇ ਬਣਾ ਦੂੰ ਛੈਣੇ
ਜਲਸਾ ਸਿਖ ਮੁੰਡਿਆ

651

ਯਾਰਾ ਰੁੱਤ ਗਰਮੀ ਦੀ ਆਈ
ਪੱਖੀ ਨੂੰ ਲਵਾ ਦੇ ਘੁੰਗਰੂ

652

*ਪੱਚੀਆਂ ਦੀ ਲਿਆ ਦੇ ਲੋਗੜੀ*

ਕੱਢਣਾ ਦਿੱਲੀ ਦਰਵਾਜ਼ਾ
ਪੱਚੀਆਂ ਦੀ ਲਿਆ ਦੇ ਲੋਗੜੀ

653

ਕਿਹੜੀ ਗਲ ਤੇ ਪਰਖਦੈਂ ਚੂੰਡਾ
ਡੋਰੀ ਮੇਰੇ ਮਾਪਿਆਂ ਦੀ

654

ਤੇਰੀ ਧੌਣ ਤੇ ਲਟਕਦਾ ਆਵਾਂ
ਲੋਗੜੀ ਦਾ ਫੁੱਲ ਬਣ ਕੇ

655

ਪੱਚੀਆਂ ਦੀ ਲਿਆ ਦੇ ਲੋਗੜੀ
ਅਸੀਂ ਸੱਸ ਦੇ ਪਰਾਂਦੇ ਕਰਨੇ

656

ਲੰਮੀ ਤੇਰੀ ਗੁੱਤ ਕੁੜੀਏ
ਛਾਲਾਂ ਮਾਰਦੀ ਕਮਰ ਤੇ ਫਿਰਦੀ

657

*ਫੁਲਕਾਰੀ*

ਤੇਰੀ ਸੜ ਜੈ ਨੰਬਰਦਾਰੀ
ਕੁੜਤੀ ਨਾ ਲਿਆਂਦੀ ਟੂਲ ਦੀ

658

ਮੈਂ ਕਿਹੜਾ ਘੱਟ ਵੱਸਦੀ
ਮੇਰੇ ਨਾਲ਼ ਦੀ ਪਹਿਨਦੀ ਨਰਮਾ

659

ਲੋਕੀ ਪਹਿਨਦੇ ਵਲੈਤੀ ਟੋਟੇ
ਫੂਕਾਂ ਫੁਲਕਾਰੀ ਨੂੰ

660

*ਬਾਲੇ*

ਗੱਲ੍ਹਾਂ ਗੋਰੀਆਂ ਚਿਲਕਣੇ ਬਾਲ਼ੇ
ਬਚਨੋ ਬੈਲਣ ਦੇ

661

ਰਸ ਲੈ ਗੇ ਕੰਨਾਂ ਦੇ ਬਾਲ਼ੇ
ਝਾਕਾ ਲੈ ਗੀ ਨੱਥ ਮੱਛਲੀ

662

ਵਿੰਗੇ ਹੋ ਗੇ ਕੰਨਾਂ ਦੇ ਬਾਲ਼ੇ
ਬੋਤੇ ਉਤੋਂ ਮੈਂ ਡਿਗ ਪੀ

663

ਦਸ ਡੰਡੀਆਂ ਗਿਆਰ੍ਹਵਾਂ ਬਾਲ਼ਾ
ਦੰਦੀਆਂ ਨੂੰ ਥਾਂ ਕੋਈ ਨਾ

664

ਤੇਰੇ ਯਾਰ ਦੀ ਲਲਾਮੀ ਬੋਲੇ
ਵਿਚੇ ਤੇਰੇ ਬੰਦ ਜਾਣਗੇ

665

*ਬੰਦ*

ਤੇਰਾ ਮਾਮਲਾ ਅਜੇ ਨਾ ਤਰਿਆ
ਬੰਦ ਮੇਰੇ ਵੇਚ ਵੀ ਆਇਓਂ

666

ਨਹੀਂ ਮੰਨਜਾ ਬੀਹੀ ਦੇ ਵਿਚ ਬਹਿਣਾ
ਨਹੀਂ ਮੇਰੇ ਬੰਦ ਮੋੜ ਦੇ

667

ਪਹਿਲਾਂ ਮਾਮਲੇ ਤੋਂ ਜਾਨ ਛੁਡਾਈਏ
ਬੰਦ ਫੇਰ ਬਣ ਜਾਣਗੇ

668

ਲੱਛੀ ਤੇਰੇ ਬੰਦ ਨਾ ਬਣੇ
ਮੁੰਡੇ ਮਰਗੇ ਕਮਾਈਆਂ ਕਰਦੇ

669

*ਬਾਂਕਾਂ*

ਆਹ ਲੈ ਫੜ ਕਿੱਤਰਾ
ਬਾਂਕਾਂ ਮੇਚ ਨਾ ਆਈਆਂ

670

ਰੰਨ ਅੱਡੀਆਂ ਕੂਚਦੀ ਮਰਗੀ
ਬਾਂਕਾਂ ਨਾ ਜੁੜੀਆਂ

671

*ਬਾਜ਼ੂ ਬੰਦ*

ਬਾਜ਼ੂ ਬੰਦ ਚੰਦਰਾ ਗਹਿਣਾ
ਜੱਫੀ ਪਾਇਆਂ ਛਣਕ ਪਵੇ

673

*ਮੇਖਾਂ*

ਤੇਰੇ ਲਾ ਕੇ ਦੰਦਾਂ ਵਿਚ ਮੇਖਾਂ
ਮੌਜ ਸੁਨਿਆਰਾ ਲੈ ਗਿਆ

674

ਮੌਜ ਸੁਨਿਆਰਾ ਲੈ ਗਿਆ
ਜੀਹਨੇ ਲਾਈਆਂ ਦੰਦਾਂ ਵਿਚ ਮੇਖਾਂ

675

ਕੁੜੀ ਮੇਖਾਂ ਦਖਾਉਣ ਦੀ ਮਾਰੀ
ਮੇਲੇ ਵਿਚ ਹਸਦੀ ਫਿਰੇ

676

ਸਾਰੇ ਮੁੰਡਿਆਂ ਲੁਆ ਲੀਆਂ ਮੇਖਾਂ
ਕੁੜੇ ਤੇਰੇ ਦੰਦ ਦੇਖ ਕੇ

677

*ਭੋਥਾ ਚਾਦਰਾ*

ਭੋਥਾ ਮੇਰਾ ਸਤ ਗਜ਼ ਦਾ
ਰੇਤ ਹੂੰਝਦਾ ਜਾਵੇ

678

*ਮੈਨੂੰ ਲੈ ਦੇ ਸਪੀਕਰ ਕਾਲੇ*

ਕੁੱਕੜੀ ਨੂੰ ਬਿਕ ਲੈਣ ਦੇ
ਤੈਨੂੰ ਲੈ ਦੂੰ ਸਲੀਪਰ ਕਾਲ਼ੇ

679

*ਜੁੱਤੀ ਲੈ ਦੇ ਸਤਾਰਿਆਂ ਵਾਲੀ*

ਜੁੱਤੀ ਲੈ ਦੇ ਸਿਤਾਰਿਆਂ ਵਾਲ਼ੀ
ਜੇ ਤੂੰ ਮੇਰੀ ਚਾਲ ਵੇਖਣੀ

680

ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ
ਤੋਰ ਕੁਆਰੀ ਦੀ

681

ਜੁੱਤੀ ਕੱਢਦੇ ਮੋਚੀਆ ਮੇਰੀ
ਉੱਤੇ ਪਾ ਦੇ ਡਾਕ ਬੰਗਲਾ

682

ਤੈਨੂੰ ਲੈ ਦੂੰ ਸਲੀਪਰ ਕਾਲ਼ੇ
ਚਾਹੇ ਮੇਰੀ ਮਹਿੰ ਬਿਕ ਜੇ

683

ਮੈਨੂੰ ਲੈ ਦੇ ਸਲੀਪਰ ਕਾਲ਼ੇ
ਜੇ ਤੈਂ ਮੇਰੀ ਚਾਲ ਦੇਖਣੀ

684

ਮੇਰੇ ਪੈਰ ਜੁੱਤੀ ਨਾ ਪੈਂਦੀ
ਮਿੱਤਰਾਂ ਨੇ ਯਾਦ ਕਰੀ

685

*ਮੋਤੀ*

ਮੋਤੀ ਚੁਗ ਲੈ ਨੀ
ਕੂੰਜ ਪਤਲੀਏ ਨਾਰੇ

686

*ਮੈਨੂੰ ਬੋਸਕੀ ਦਾ ਸੂਟ ਸਮਾ ਦੇ*

ਕੁੜਤੀ ਸਮਾ ਦੇ ਮਿੱਤਰਾ
ਜਿਹੜੀ ਸੌ ਦੀ ਸਵਾ ਗਜ਼ ਆਵੇ

687

ਸਾਰਾ ਪਿੰਡਾ ਖੱਦਰ ਨੇ ਖਾਧਾ
ਬੋਸਕੀ ਲਿਆ ਦੇ ਮੁੰਡਿਆ

688

ਸਾਨੂੰ ਧੱਫੜ ਖੱਦਰ ਨੇ ਪਾਏ
ਸੂਟ ਲੈ ਦੇ ਮਲਮਲ ਦਾ

689

ਖੱਟੇ ਸੂਟ ਤੇ ਪਸ਼ਮ ਦੀਆਂ ਤਣੀਆਂ
ਬੁੱਢੜੇ ਵੀ ਕੱਢਣ ਬੈਠਕਾਂ

690

ਚਿੱਤ ਕਰਦੇ ਬੁੱਢੇ ਦਾ ਰਾਜ਼ੀ
ਉੱਤੇ ਲੈ ਕੇ ਲਾਲ ਡੋਰੀਆ

691

ਪੈਰਾਸ਼ੂਟ ਦੀ ਸਮਾਦੂੰ ਕੁੜਤੀ
ਖੜ੍ਹ ਕੇ ਗਲ ਸੁਣ ਜਾ

692

ਮੈਨੂੰ ਬੋਸਕੀ ਦਾ ਸੂਟ ਸਮਾ ਦੇ
ਭੁੱਲਾਂ ਨਾ ਹਸਾਨ ਮਿੱਤਰਾ

693

ਮੇਰਾ ਡਿੱਗਿਆ ਰੁਮਾਲ ਫੜਾ ਜਾ
ਡੰਡੀ ਡੰਡੀ ਜਾਣ ਵਾਲ਼ਿਆ

694

*ਲੌਂਗ*

ਸੱਗੀ ਫੁੱਲ ਸਰਕਾਰੀ ਗਹਿਣਾ
ਤੀਲੀ ਲੌਂਗ ਕੰਜਰਾਂ ਦੇ

695

ਡੁੱਬ ਜਾਣ ਘਰਾਂ ਦੀਆਂ ਗਰਜ਼ਾਂ
ਲੌਂਗ ਕਰਾਉਣਾ ਸੀ

696

ਤੇਰੇ ਲੌਂਗ ਦਾ ਪਿਆ ਲਸ਼ਕਾਰਾ
ਹਾਲ਼ੀਆਂ ਨੇ ਹਲ਼ ਡੱਕ ਲਏ

697
ਤੇਰੇ ਲੌਂਗ ਦੀ ਚਾਨਣੀ ਮਾਰੇ
ਪੱਲਾ ਲੈ ਲੈ ਗੋਰੀਏ ਰੰਨੇ

698
ਤੀਲੀ ਲੌਂਗ ਵਾਲ਼ੀਏ ਰੰਨੇ
ਤੇਰਾ ਟਮਕ ਅਵਾਜ਼ਾਂ ਮਾਰੇ

699
ਤੀਲੀ ਲੌਂਗ ਦਾ ਮੁਕੱਦਮਾ ਭਾਰੀ
ਠਾਣੇਦਾਰਾ ਸੋਚ ਕੇ ਕਰੀਂ

700
ਤੀਲੀ ਰੁਸ ਕੇ ਪਹੇ ਦੇ ਵਿਚ ਬਹਿ ਗੀ
ਲੌਂਗ ਪਿਆ ਮਿੰਨਤਾਂ ਕਰੇ

701
ਨੱਕ ਦੀ ਜੜ ਪੱਟ ਲੀ
ਪਾ ਕੇ ਲੌਂਗ ਬਗਾਨਾ

702
ਪਤਲੀ ਨਾਰ ਦਾ ਗਹਿਣਾ
ਲੌਂਗ ਤਵੀਤੜੀਆਂ

703
ਮਰਜ਼ੀ ਮਾਲਕ ਦੀ
ਤੀਲੀ ਭੰਨ ਕੇ ਲੌਂਗ ਬਣਾਇਆ

704
ਲੌਂਗ ਤੇਰੀਆਂ ਮੁੱਛਾਂ ਦੇ ਵਿਚ ਰੁਲ਼ਿਆ
ਟੋਲ਼ ਕੇ ਫੜਾ ਦੇ ਮਿੱਤਰਾ

705
ਲੌਂਗ ਤੇਰੀਆਂ ਮੁੱਛਾਂ 'ਚੋਂ ਲੱਭਿਆ
ਚਾਰ ਦਿਨ ਭਾਲਦੀ ਰਹੀ

706
ਲੌਂਗ ਮੰਗਦੀ ਬੁਰਜੀਆਂ ਵਾਲ਼ਾ
ਨੱਕ ਤੇਰਾ ਹੈ ਨੀ ਪੱਠੀਏ

707
ਲੌਂਗ ਵਾਲ਼ੀ ਨੇ ਭਨਾ ਲਏ ਗੋਡੇ
ਤੀਲੀ ਵਾਲ਼ੀ ਖਾਲ਼ ਟੱਪਗੀ

708
ਘੁੰਡ ਵਿਚ ਲੌਂਗ ਲਿਸ਼ਕੇ
ਜਿਵੇਂ ਚਮਕੇ ਦਿਹੁੰ ਦਾ ਤਾਰਾ

709
ਲੌਂਗ ਚਾਂਬੜਾਂ ਪਾਵੇ
ਮਿੱਡੀਆਂ ਨਾਸਾਂ ਤੇ

710
*ਲੋਟਣ*
ਜੇ ਰਸ ਗੋਰੀਆਂ ਗੱਲ੍ਹਾਂ ਦਾ ਲੈਣਾ
ਲੋਟਣ ਬਣ ਮਿੱਤਰਾ

711
ਲੋਟਣ ਮਿੱਤਰਾਂ ਦੇ
ਨਾਉਂ ਬਜਦਾ ਬੋਬੀਏ ਤੇਰਾ

712
ਲੋਟਣ ਮਿੱਤਰਾਂ ਦਾ
ਨਾਉਂ ਬੱਜਦਾ ਬਾਬਲਾ ਤੇਰਾ

713
*ਲੌਕਟ*
ਮੇਰੀ ਹਿੱਕ ਤੇ ਪਰੇਡਾਂ ਕਰਦਾ
ਲੌਕਟ ਢੋਲਣ ਦਾ

714
ਸਾਨੂੰ ਭੰਨ ਕੇ ਲੌਕਟ ਬਣਾ ਲੈ
ਰਹੀਏ ਤੇਰੀ ਹਿੱਕ ਲੱਗ ਕੇ

# ਅੰਗਲੀਆਂ ਸੰਗਲੀਆਂ—ਰਿਸ਼ਤੇ ਨਾਤੇ

ਸੁੱਤੀ ਪਈ ਨੂੰ ਪੱਖੇ ਦੀ ਝਲ ਮਾਰੇ
ਉਹ ਵਰ ਟੋਲ਼ੀਂ ਬਾਬਲਾ

ਬਾਪੂ ਤੇਰੇ ਮੰਦਰਾਂ 'ਚੋਂ
ਸਾਨੂੰ ਮੁਸ਼ਕ ਚੰਦਨ ਦਾ ਆਵੇ

ਟੁਟ ਕੇ ਨਾ ਬਹਿਜੀਂ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ

ਮੇਰੀ ਨਣਦ ਚੱਲੀ ਮੁਕਲਾਵੇ
ਅਲ਼ਸੀ ਦੇ ਫੁੱਲ ਵਰਗੀ

## ਬਾਬਲ ਧੀ

715
ਵਿਆਹ ਦੇ ਬਾਪੂ ਕੂਕਿਆਂ ਦੇ
ਜਿਥੇ ਮੰਨਣੇਂ ਨਾ ਪੈਣ ਜਠੇਰੇ

716
ਕਾਲ਼ਾ ਭੂੰਡ ਨਾ ਸਹੇੜੀਂ ਮੇਰੇ ਬਾਬਲਾ
ਘਰ ਦਾ ਮਾਲ ਡਰੂ

717
ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੇ
ਓਹ ਵਰ ਟੋਲ਼ੀਂ ਬਾਬਲਾ

718
ਬਾਪੂ ਮੇਰੇ ਹਾਣ ਦਾ ਮੁੰਡਾ
ਖੰਨੇ ਦੇ ਕਾਲਜ ਵਿਚ ਪੜ੍ਹਦਾ

719
ਅੱਖਾਂ ਕੱਚੀਆਂ ਉਮਰ ਦਾ ਨਿਆਣਾ
ਮੇਰੇ ਨਾ ਪਸੰਦ ਬੱਚੀਏ

720
ਬਾਪੂ ਮੇਰਾ ਵਿਆਹ ਕਰ ਦੇ
ਨਹੀਂ ਉਡ ਜੂੰ ਕਬੂਤਰੀ ਬਣ ਕੇ

721
ਮੇਰੇ ਹਾਣਦੀਆਂ ਕੁੜੀਆਂ ਦੇ ਮੁਕਲਾਵੇ
ਬਾਪੂ ਮੇਰਾ ਵਿਆਹ ਨਾ ਕਰੇ

722
ਅਣਦਾਹੜੀਆ ਢੁਕਿਆ ਘਰ ਤੇਰੇ
ਨੱਤੀਆਂ ਕਰਾ ਦੇ ਬਾਬਲਾ

723
ਦਾਹੜੀ ਆਈ ਤੇ ਦਊਂਗਾ ਮੁਕਲਾਵਾ
ਨੱਤੀਆਂ ਦੀ ਪਹੁੰਚ ਨਹੀਂ

724
ਤੇਰੀ ਕੱਸੀ ਤੇ ਜ਼ਮੀਨ ਬਥੇਰੀ
ਪਾ ਦੇ ਬਾਪੂ ਨੱਥ ਮੱਛਲੀ

725
ਪੁੱਤ ਬਣ ਕੇ ਕਮਾਊਂ ਘਰ ਤੇਰੇ
ਮੇਰਾ ਹੱਕ ਦੇ ਦੇ ਬਾਬਲਾ

726
ਪੁੱਤ ਬਣ ਕੇ ਕਮਾਊਂ ਘਰ ਤੇਰੇ
ਰੱਖ ਲੈ ਕੁਆਰੀ ਬਾਬਲਾ

727
ਹੁੰਦੀਆਂ ਜਗਤ ਨਾਲ਼ ਆਈਆਂ
ਹੱਸ ਹੱਸ ਤੋਰ ਬਾਬਲਾ

728
ਬਾਪੂ ਤੇਰੀ ਜੂਹ ਲੰਘ ਕੇ
ਮੈਨੂੰ ਬੀਬੀ ਕਿਸੇ ਨੀ ਕਹਿਣਾ

729
ਦੰਮਾਂ ਦਾ ਕੀ ਲੋਭ ਤੱਕਿਆ
ਰਿੱਛ ਬੰਨ੍ਹਿਆਂ ਸਰਾਹਣੇ ਮੇਰੇ

730
ਉੱਖਲ਼ੀ ਭਰਾ ਲਈ ਬਾਬਲਾ
ਮੇਰੇ ਰੂਪ ਦੀ ਪਰਖ ਨਾ ਕੀਤੀ

731
ਉਖਲ਼ੀ ਭਰਾ ਲੀ ਬਾਬਲਾ
ਮੈਨੂੰ ਲੜ ਬੁਢੜੇ ਦੇ ਲਾਇਆ

732
ਸਾਡੀ ਗੁੱਤ ਦੇ ਪਰਾਂਦੇ ਨਾਲ਼ੋਂ ਛੋਟਾ
ਬਾਬਲ ਵਰ ਟੋਲਿਆ

733
ਬਾਪੂ ਵੇ ਮੈਂ ਤੂਤ ਦੀ ਛਟੀ
ਲੜ ਰੀਠੜੇ ਜਹੇ ਦੇ ਲਾਈ

734
ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲ਼ਾ
ਬਾਪੂ ਦੇ ਪਸੰਦ ਆ ਗਿਆ

735
ਧੀਆਂ ਗੋਰੀਆਂ ਜਮਾਈ ਤੇਰੇ ਕਾਲ਼ੇ
ਬਾਪੂ ਵੇ ਬਦਾਮੀ ਰੰਗਿਆ

736
ਰੰਗ ਪੁੱਠੇ ਵੇ ਤਵੇ ਤੋਂ ਕਾਲ਼ਾ
ਬਾਬਲ ਵਰ ਟੋਲਿਆ

737
ਦੇਖੀਂ ਧੀਏ ਨਿੰਦ ਨਾ ਦਈਂ
ਪੁੱਤ ਬਖਤਾਵਰਾਂ ਦੇ ਕਾਲ਼ੇ

738
ਸਾਥੋਂ ਹਾਏ ਨਿੰਦਿਆ ਨਾ ਜਾਵੇ
ਤੇਰੀ ਵੇ ਸਹੇੜ ਬਾਬਲਾ

739
ਨਿੰਦੀਏ ਨਾ ਮਾਲਕ ਨੂੰ
ਭਾਵੇਂ ਹੋਵੇ ਕੰਬਲੀ ਤੋਂ ਕਾਲ਼ਾ

740
ਅੱਗੇ ਤੇਰੇ ਭਾਗ ਬੱਚੀਏ
ਲੜ ਬਖਤਾਵਰਾਂ ਦੇ ਲਾਈ

741
ਬਾਪੂ ਭੁੱਖਾ ਤੀਵੀਆਂ ਦਾ
ਜੀਹਨੇ ਧੀ ਦਾ ਦਰਦ ਨਾ ਕੀਤਾ

742
ਨਹੀਂ ਬਾਪੂ ਮੈਂ ਮਰ ਜਾਂ
ਨਹੀਂ ਮਰ ਜੇ ਕੁੜਮਣੀ ਤੇਰੀ

743
ਤੂੰ ਤਾਂ ਧੀਏ ਅੱਜ ਮਰ ਜਾ
ਜਗ ਜੀਵੇ ਕੁੜਮਣੀ ਮੇਰੀ

744
ਮੇਰੀ ਸੱਸ ਦੇ ਚਿਲਕਣੇ ਬਾਲ਼ੇ
ਬਾਪੂ ਮੈਨੂੰ ਸੰਗ ਲੱਗਦੀ

745
ਉਹਨੇ ਆਪਣੇ ਸ਼ੌਕ ਨੂੰ ਪਾਏ
ਤੈਨੂੰ ਕਾਹਦੀ ਸੰਗ ਬੱਚੀਏ

746
ਗੋਰੇ ਰੰਗ ਦੀ ਕਦਰ ਨਾ ਪਾਈ
ਬਾਪੂ ਤੇਰੇ ਕੁੜਮਾਂ ਨੇ

747
ਬਾਪੂ ਤੇਰੇ ਕੁੜਮਾਂ ਦੀ
ਕੁੱਤੀ ਮਰਗੀ ਗੱਠੇ ਦਾ ਪੱਤ ਖਾ ਕੇ

748
ਪੀਹੜੀ ਡਾਹ ਕੇ ਬਹਿਜਾ ਬਾਬਲਾ
ਕੀ ਬੋਲਦੀ ਅੰਦਰ ਸੱਸ ਮੇਰੀ

749
ਪੀਹੜੀ ਡਾਹ ਕੇ ਬਹਿਜਾ ਬਾਬਲਾ
ਧੀਆਂ ਰੱਖੀਆਂ ਦੇ ਰੁਦਨ ਸੁਣਾਵਾਂ

750
ਨੰਗੇ ਪੈਰੀਂ ਆਉਣਾ ਬਾਬਲਾ
ਤੇਰੀ ਪੱਚੀਆਂ ਪਿੰਡਾਂ ਦੀ ਸਰਦਾਰੀ

751
ਨੰਗੇ ਪੈਰੀਂ ਆਉਣਾ ਬੱਚੀਏ
ਮੇਰੀ ਬਹੁਤੀਆਂ ਧੀਆਂ ਨੇ ਮੱਤ ਮਾਰੀ

752
ਚਿੱਤ ਲੱਗੇ ਨਾ ਉਦਾਸਣ ਹੋਈ
ਵਿਚ ਤੇਰੇ ਮੰਦਰਾਂ ਦੇ

753
ਦੱਬ ਲੀ ਕਬੀਲਦਾਰੀ ਨੇ
ਮੇਰੀ ਗੁੱਡੀਆਂ ਨਾਲ਼ ਖੇਡਣ ਵਾਲੀ

754
ਬਾਪੂ ਤੇਰੇ ਮੰਦਰਾਂ 'ਚੋਂ
ਧੱਕੇ ਦੇਣ ਸਕੀਆਂ ਭਰਜਾਈਆਂ

755
ਬਾਪੂ ਤੇਰੇ ਮੰਦਰਾਂ 'ਚੋਂ
ਸਾਨੂੰ ਮੁਸ਼ਕ ਚੰਦਨ ਦਾ ਆਵੇ

## ਵੀਰ ਮੇਰਾ ਪੱਟ ਦਾ ਲੱਛਾ

756
ਇਕ ਵੀਰ ਦਈਂ ਵੇ ਰੱਬਾ
ਮੇਰੀ ਸਾਰੀ ਉਮਰ ਦਾ ਗਹਿਣਾ

757
ਇਕ ਵੀਰ ਦਈਂ ਵੇ ਰੱਬਾ
ਵੀਰਾਂ ਵਾਲ਼ੀਆਂ ਦੇ ਨਖਰੇ ਭਾਰੀ

758
ਇਕ ਵੀਰ ਦਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ

759
ਦੋ ਵੀਰ ਦਈਂ ਵੇ ਰੱਬਾ
ਮੇਰੀ ਸਾਰੀ ਉਮਰ ਦੇ ਮਾਪੇ

760
ਦੋ ਵੀਰ ਦਈਂ ਵੇ ਰੱਬਾ
ਇਕ ਮੁਨਸ਼ੀ ਤੇ ਇਕ ਪਟਵਾਰੀ

761
ਇਕ ਵੀਰ ਰੱਬ ਨੇ ਦਿੱਤਾ
ਦੂਜਾ ਖੇਡਦਾ ਚਰੀ 'ਚੋਂ ਥਿਆਇਆ

762
ਤਿੰਨ ਵੀਰ ਦਈਂ ਵੇ ਰੱਬਾ
ਇੰਦਰ ਜੁਗਿੰਦਰ ਹਰਨਾਮਾ

763
ਪੰਜ ਵੀਰ ਦਈਂ ਵੇ ਰੱਬਾ
ਬੰਨ੍ਹੀ ਫੌਜ ਬਰੂਮਾ ਨੂੰ ਜਾਵੇ

764
ਜਿਸ ਘਰ ਵੀਰ ਨਹੀਂ
ਭੈਣਾਂ ਰੋਂਦੀਆਂ ਪਛੋਕੜ ਖੜ੍ਹ ਕੇ

765
ਭੈਣਾਂ ਰੋਂਦੀਆਂ ਨੂੰ ਵੀਰ ਬਰਾਉਂਦੇ
ਸਿਰ ਪਰ ਹੱਥ ਧਰ ਕੇ

766
ਸਰਵਣ ਵੀਰ ਬਿਨਾਂ
ਮੇਰੀ ਗੱਠੜੀ ਬਣਾਂ ਵਿਚ ਰੁਲ਼ਦੀ

767
ਘਰ ਦੇ ਵੀਰ ਬਿਨਾਂ
ਮੇਰੀ ਗੱਠੜੀ ਦਰਾਂ ਵਿਚ ਰੁਲ਼ਦੀ

768
ਚਾਚੇ ਤਾਏ ਮਤਲਬ ਦੇ
ਛੱਕਾਂ ਪੂਰਦੇ ਅੰਮਾਂ ਦੇ ਜਾਏ

769
ਚਾਚੇ ਤਾਏ ਕੋਲ਼ ਦੀ ਲੰਘ ਗੇ
ਵੀਰ ਨਦੀਆਂ ਚੀਰਦੇ ਆਏ

770
ਕੰਨੀਂ ਨੱਤੀਆਂ ਸ਼ਰਬਤੀਆਂ ਅੱਖੀਆਂ
ਓਹ ਵੀਰ ਮੇਰਾ ਕੁੜੀਓ

771
ਇਕ ਵੀਰ ਬੋਲ ਦਾ ਲੰਬਾ
ਦੂਜੀ ਪੱਗ ਛੱਤਣਾਂ ਨੂੰ ਜਾਵੇ

772
ਜਿਥੇ ਮੇਰਾ ਵੀਰ ਲੰਘਿਆ
ਕੌੜੀ ਨਿੰਮ ਨੂੰ ਪਤਾਸੇ ਲੱਗਦੇ

773
ਵੀਰ ਲੰਘਿਆ ਪਜਾਮੇ ਵਾਲ਼ਾ
ਲੋਕਾਂ ਭਾਣੇ ਠਾਣਾ ਲੰਘਿਆ

774
ਫੌਜਾਂ ਵਿਚ ਵੀਰ ਸਿਆਣਾ
ਕੰਨੀਂ ਨੱਤੀਆਂ ਸ਼ਰਬਤੀ ਅੱਖੀਆਂ

775
ਗਾਲ੍ਹਾਂ ਕੱਢੀਆਂ ਗਲ਼ੀ ਵਿਚ ਖੜ ਕੇ
ਮਾਣ ਭਰਾਵਾਂ ਦੇ

776
ਸਾਡੀ ਪੱਚੀਆਂ ਪਿੰਡਾਂ ਦੀ ਸਰਦਾਰੀ
ਮੇਰੇ ਵੀਰ ਲਾਉਣ ਮਾਮਲਾ

777
ਵੀਰ ਮੇਰਾ ਨੀ ਜਮਾਈ ਠਾਣੇਦਾਰ ਦਾ
ਸੰਮਾਂ ਵਾਲ਼ੀ ਡਾਂਗ ਰੱਖਦਾ

778
ਡੱਬੀ ਕੁੱਤੀ ਮੇਰੇ ਵੀਰ ਦੀ
ਠਾਣੇਦਾਰ ਦੀ ਕੁੜੀ ਨੂੰ ਚੁੱਕ ਲਿਆਵੇ

779
ਕੁਰਸੀ ਮੇਰੇ ਵੀਰ ਦੀ
ਠਾਣੇਦਾਰ ਦੇ ਬਰੋਬਰ ਡਹਿੰਦੀ

780
ਜਿਥੇ ਬੱਜਦੀ ਬੱਦਲ ਵਾਂਗ ਗੱਜਦੀ
ਕਾਲ਼ੀ ਡਾਂਗ ਮੇਰੇ ਵੀਰ ਦੀ

781
ਅੱਡੀ ਮਾਰੇ ਤੇ ਮਦਰਸਾ ਬੋਲੇ
ਮੇਰਾ ਵੀਰ ਪਤਲਾ ਜਿਹਾ

782
ਤੈਨੂੰ ਨੱਤੀਆਂ ਭਾਬੋ ਨੂੰ ਪਿੱਪਲ਼ ਪੱਤੀਆਂ
ਵਿਆਹ ਕਰਵਾ ਵੀਰਨਾ

783
ਵੀਰ ਮੇਰਾ ਪੱਟ ਦਾ ਲੱਛਾ
ਭਾਬੋ ਸੋਨੇ ਦੀ ਝੂਲਦੀ ਆਵੇ

784
ਮੂਹਰੇ ਰੱਥ ਭਾਬੋ ਦਾ
ਪਿੱਛੇ ਇੰਦਰ ਵੀਰ ਦਾ ਬੋਤਾ

785
ਸੜਕਾਂ ਸਾਫ਼ ਕਰੋ
ਮੇਰੇ ਵੀਰ ਦੀ ਮੇਮ ਨੇ ਆਉਣਾ

786
ਭਾਗਾਂ ਵਾਲ਼ੀਆਂ ਜਿਨ੍ਹਾਂ ਦੇ ਵੀਰ ਬਾਬੂ
ਬੰਗਲਿਆਂ 'ਚੋਂ ਆਉਣ ਚਿੱਠੀਆਂ

787
ਲੰਮੀ ਵੀਹੀ ਤੇ ਉੱਚਾ ਘਰ ਮੇਰਾ
ਦੁੱਧ ਪੀ ਕੇ ਜਾਈਂ ਵੀਰਨਾ

788
ਛੁੱਟੀ ਲੈ ਕੇ ਆ ਜਾ ਵੀਰਨਾ
ਤੇਰੀ ਫ਼ੌਜ ਨੂੰ ਕਰੂੰਗੀ ਰੋਟੀ

789
ਚਿੱਟੇ ਚੌਲ਼ ਲੱਡੂਆਂ ਦੀ ਥਾਲ਼ੀ
ਵੀਰਨ ਆਉਂਦੇ ਨੂੰ

790
ਬਹੁਤੀ ਵੇ ਜਗੀਰ ਵਾਲ਼ਿਆ
ਭੈਣਾਂ ਚੱਲੀਆਂ ਸੰਦੂਖੋਂ ਖ਼ਾਲੀ

791
ਗੱਡੀ ਜਾਂਦੀ ਐ ਸੰਦੂਖੋਂ ਖ਼ਾਲੀ
ਬਹੁਤਿਆਂ ਭਰਾਵਾਂ ਵਾਲ਼ੀਏ

792
ਭੈਣ ਤੁਰਗੀ ਸੰਦੂਕੋਂ ਖ਼ਾਲੀ
ਚੱਟਣਾ ਮੁਰੱਬਿਆਂ ਨੂੰ

793
ਸੁਹਣੇ ਵੀਰਾ ਸੰਦੂਕ ਬਣਾ ਦੇ
ਬਾਬਲੇ ਨੇ ਪਾਸਾ ਵੱਟਿਆ

794
ਮੇਰਾ ਆਰਸੀ ਤੋਂ ਹੱਥ ਖ਼ਾਲੀ
ਵੀਰਾ ਵੇ ਮੁਰੱਬੇ ਵਾਲ਼ਿਆ

795
ਭੈਣ ਤੁਰ ਗਈ ਸੰਦੂਕੋਂ ਖ਼ਾਲੀ
ਵੀਰਾ ਵੇ ਮੁਰੱਬੇ ਵਾਲਿਆ

796
ਵੀਰਨ ਧਰਮੀ ਨੇ
ਗੱਡੀ ਮੋੜ ਕੇ ਲਦਾ ਤੀ ਪੇਟੀ

797
ਆ ਲੈ ਵੀਰਾ ਫੜ ਕੁੰਜੀਆਂ
ਭੈਣਾਂ ਛੱਡ ਚੱਲੀਆਂ ਮੁਖਤਿਆਰੀ

798
ਮੇਰੇ ਵੀਰ ਨੇ ਸੰਧਾਰੇ ਵਿਚ ਭੇਜੀ
ਕੱਤਣੀ ਚਾਂਦੀ ਦੀ

799
ਕਿਹੜੀ ਗੱਲ ਤੋਂ ਸੰਧਾਰਾ ਬੰਦ ਕੀਤਾ
ਖਾਕੀ ਸਾਫ਼ੇ ਵਾਲ਼ਿਆ ਵੀਰਨਾ

800
ਕੱਚੇ ਆਟੇ ਦੀ ਲੋੜ ਨਾ ਕੋਈ
ਭਾਬੋ ਦੀਆਂ ਮੰਨ ਵੀਰਨਾ

801
ਗੱਡੀ ਜੋੜ ਕੇ ਮੰਗਾ ਲੀਂ ਮੇਰੇ ਵੀਰਨਾ
ਕਰੂਆਂ ਦੇ ਵਰਤਾਂ ਨੂੰ

802
ਕਾਹਨੂੰ ਆਇਐਂ ਬੇਸ਼ਰਮਾ ਵੀਰਾ
ਕਰੂਆਂ ਦੇ ਵਰਤ ਗਏ

803
ਬਹੁਤਿਆਂ ਭਰਾਵਾਂ ਵਾਲ਼ੀਏ
ਤੈਨੂੰ ਲੈਣ ਨਾ ਤੀਆਂ ਨੂੰ ਆਏ

804
ਸੱਸੀਏ ਬੜੇਵੇਂ ਅੱਖੀਏ
ਤੈਥੋਂ ਡਰਦੇ ਲੈਣ ਨਾ ਆਏ

805
ਚਿੱਠੀ ਪਾਈਂ ਵੇ ਅੰਮਾਂ ਦਿਆ ਜਾਇਆ
ਭੈਣ ਪ੍ਰਦੇਸਣ ਨੂੰ

806
ਚਿੱਠੀ ਪਾਉਣ ਨਾ ਦੇਵੇ ਭਾਬੋ ਤੇਰੀ
ਕਾਗਜ਼ਾਂ ਦਾ ਮੁੱਲ ਮੰਗਦੀ

807
ਚਿੱਠੀ ਪਾਈਂ ਅੰਮਾਂ ਦਿਆ ਜਾਇਆ
ਕਾਗਜ਼ਾਂ ਦਾ ਮੁੱਲ ਘਲ ਦੂੰ

808
ਚੂਰੀ ਕੁੱਟ ਕੇ ਰੁਮਾਲ ਲੜ ਬੰਨ੍ਹ ਲੈ
ਸਹੁਰੇ ਮੇਰੇ ਦੂਰ ਵੀਰਨਾ

809
ਹੱਥ ਛਤਰੀ ਨਹਿਰ ਦੀ ਪਟੜੀ
ਠੰਡੇ ਠੰਡੇ ਆ ਜੀਂ ਵੀਰਨਾ

810
ਹੱਥ ਛਤਰੀ ਰੁਮਾਲ ਪੱਲੇ ਸੇਵੀਆਂ
ਭੈਣ ਕੋਲ਼ ਭਾਈ ਚੱਲਿਆ

811
ਪੱਬ ਚੱਕ ਵੇ ਅੰਮਾਂ ਦਿਆ ਜਾਇਆ
ਵਾਟਾਂ ਦੂਰ ਦੀਆਂ

812
ਛੰਨਾ ਦੁੱਧ ਦਾ ਮਲਾਈ ਸਣੇ ਵੀਰਨਾ
ਪੀ ਲੈ ਲੈ ਕੇ ਗੁੜ ਦੀ ਡਲ਼ੀ

813
ਤੈਨੂੰ ਵੀਰਾ ਦੁੱਧ ਦਾ ਛੰਨਾ
ਤੇਰੇ ਬੋਤੇ ਨੂੰ ਗਵਾਰੇ ਦੀਆਂ ਫਲ਼ੀਆਂ

814
ਭੈਣ ਭਾਈ ਬੋਤੇ ਤੇ ਚੜ੍ਹੇ
ਬੋਤਾ ਲਗਰਾਂ ਸੂਤਦਾ ਆਵੇ

815
ਵੇ ਮੈਂ ਅਮਰ ਵੇਲ ਪੁੱਟ ਲਿਆਵਾਂ
ਬੋਤਾ ਤੇਰਾ ਭੁੱਖਾ ਵੀਰਨਾ

816
ਛੱਪੜੀ 'ਚ ਘਾ ਮੱਲਿਆ
ਬੋਤਾ ਚਾਰ ਲੈ ਸਰਵਣਾ ਵੀਰਾ

817
ਗੱਡਦੀ ਰੰਗੀਲ ਮੁੰਨੀਆਂ
ਬੋਤਾ ਬੰਨ੍ਹ ਦੇ ਸਰਵਣਾ ਵੀਰਾ

818
ਵੀਰ ਬੋਤਾ ਬੰਨ੍ਹਣ ਦਾ ਸ਼ੌਂਕੀ
ਗਡਦੇ ਰੰਗੀਲ ਮੁੰਨੀਆਂ

819
ਉੱਡਦਾ ਰੁਮਾਲ ਦਿਸੇ
ਬੋਤਾ ਵੀਰ ਦਾ ਨਜ਼ਰ ਨਾ ਆਵੇ

820
ਕਿਹੜੀ ਕੀਲੀ ਟੰਗਾਂ ਵੀਰਨਾ
ਤੇਰੀ ਸੋਨੇ ਦੀ ਜੰਜੀਰੀ ਵਾਲ਼ਾ ਕੁੜਤਾ

821
ਓਸ ਕੀਲੀ ਟੰਗੀਂ ਬੀਬੀਏ
ਜਿਥੇ ਸੁੰਬ੍ਰਗੀ ਗਰਦ ਨਾ ਜਾਵੇ

822
ਕਾਲ਼ੀ ਕਾਗੜੀ* ਬਨੇਰੇ ਉੱਤੇ ਬੋਲੇ
ਅੱਜ ਮੇਰੇ ਵੀਰ ਨੇ ਆਉਣਾ

823
ਸੱਸ ਚੰਦਰੀ ਕੁੰਡਾ ਨਾ ਖੋਹਲੇ
ਕੋਠੇ ਕੋਠੇ ਆ ਜਾ ਵੀਰਨਾ

824
ਕੌਲੇ ਖੜ ਕੇ ਸੁਣ ਲੈ ਵੀਰਨਾ
ਕੀ ਬੋਲਦੀ ਅੰਦਰ ਸੱਸ ਮੇਰੀ

825
ਚੁੱਪ ਕਰ ਨੀ ਅੰਮਾਂ ਦੀਏ ਜਾਈਏ
ਕਾਲ਼ੀ ਕੁੱਤੀ ਭੌਂਕ ਰਹੀ

826
ਮੇਰਾ ਵੀਰ ਪਰਾਹੁਣਾ ਆਇਆ
ਹੱਟੀਆਂ ਦੀ ਖੰਡ ਮੁੱਕ ਗੀ

827
ਸੱਸੇ ਤੇਰੀ ਮੱਝ ਮਰ ਜੈ
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

828
ਕਿਹੜੇ ਦੁਖ ਤੋਂ ਫੜੀ ਦਿਲਗੀਰੀ
ਭਾਈਆਂ ਦੀ ਭੈਣ ਬਣ ਕੇ

829
ਰੁੱਖੀ ਮਿੱਸੀ ਖਾ ਲੈ ਵੀਰਨਾ
ਥੰਦੇ ਮਿੱਠੇ ਦਾ ਜ਼ਿਕਰ ਨੀ ਕਰਨਾ

* ਕਾਗੜੀ—ਕਾਂ

830
ਕੁੱਲੀਆਂ 'ਚ ਦਿਨ ਕੱਟਦੀ
ਕਾਹਨੂੰ ਆਇਐਂ ਵੇ ਸਰਵਣਾ ਵੀਰਾ

831
ਹੌਲ਼ੀ ਹੌਲ਼ੀ ਰੋ ਵੀਰਨਾ
ਤੇਰੇ ਹੰਝੂਆਂ ਦੇ ਹਾਰ ਪਰੋਵਾਂ

832
ਘਟਾ ਮੁੜ ਗੀ ਬਨੇਰੇ ਕੋਲ਼ ਆ ਕੇ
ਵੀਰਾ ਕੁਛ ਪੁੰਨ ਕਰ ਲੈ

833
ਵੀਰਨ ਧਰਮੀ ਨੇ
ਸਣੇ ਬੈਲ ਗੱਡਾ ਪੁੰਨ ਕੀਤਾ

834
ਮੁੱਖੋਂ ਬੋਲ ਵੇ ਪਤੀਲੇ ਦਿਆ ਢੱਕਣਾ
ਵੀਰ ਮੇਰਾ ਲੈਣ ਆ ਗਿਆ

835
ਚੱਕ ਗੱਠੜੀ ਵੀਰਾ ਵੇ ਆਪਾਂ ਚੱਲੀਏ
ਘੁੱਦੂ ਦੀ ਕੀ ਬਾਤ ਪੁੱਛਣੀ

836
ਜਦੋਂ ਚੱਕ ਲੀ ਵੀਰ ਨੇ ਗੱਠੜੀ
ਘੁੱਦੂ ਨੇ ਵੀ ਡਾਂਗ ਚੱਕ ਲੀ

837
ਜਦੋਂ ਰਖਤੀ ਵੀਰ ਨੇ ਗੱਠੜੀ
ਘੁੱਦੂ ਨੇ ਵੀ ਡਾਂਗ ਰਖਤੀ

838
ਵੀਰਾ ਤੇਰੀ ਜੜ ਲੱਗ ਜੈ
ਵੇ ਮੈਂ ਨਿਤ ਬਰੂਮੇਂ ਜਲ ਪਾਵਾਂ

839
ਰੱਬਾ ਲਾ ਦੇ ਕੱਲਰ ਵਿਚ ਬੂਟਾ
ਵੀਰਨ ਧਰਮੀ ਦਾ

840
ਚੰਦ ਚੜ੍ਹਿਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜੰਮਿਆ

841
ਪੁੱਤ ਜੰਮਿਆ ਵੀਰ ਘਰ ਮੇਰੇ
ਗੁੜ ਵੰਡੇ ਭਰ ਟੋਕਰੇ
842
ਵੀਰ ਘਰ ਪੁੱਤ ਜੰਮਿਆ
ਕੁਛ ਮੰਗ ਲੈ ਛੋਟੀਏ ਭੈਣੇ
843
ਮੈਂ ਨਾ ਵੇ ਕੁਛ ਲੈਣਾ ਵੀਰਨਾ
ਪੁੱਤ ਤੇਰਾ ਵੇ ਭਤੀਜਾ ਮੇਰਾ
844
ਵੀਰ ਮੱਝੀਆਂ ਦੇ ਸੰਗਲ ਫੜਾਵੇ
ਭਾਬੋ ਮੱਥੇ ਪਾਵੇ ਤਿਊੜੀਆਂ
845
ਸਰਦੈ ਤਾਂ ਦਈਂ ਵੀਰਨਾ
ਚਿੱਟੀ ਕੁੜਤੀ ਗੁਲਾਬੀ ਝੋਨਾ
846
ਖੱਟੀ ਕੁੜਤੀ ਗੁਲਾਬੀ ਲੀੜਾ
ਸਰਦਾ ਤਾਂ ਦੇ ਦੇ ਵੀਰਨਾ
847
ਛੋਟੇ ਵੀਰ ਨੇ ਕਰਾਈਆਂ ਪਿੱਪਲ ਪੱਤੀਆਂ
ਘੁਲਾੜੀਂ ਵਿਚੋਂ ਗੁੜ ਵੇਚ ਕੇ
848
ਵੀਰਾ ਵੇ ਨਰਜੰਣ ਸਿਆਂ
ਤੇਰੀ ਉਸਰੇ ਲਾਲ ਹਵੇਲੀ
849
ਮੇਰੇ ਵੀਰ ਦਾ ਪੱਕਾ ਦਰਵਾਜ਼ਾ
ਭਾਬੋ ਪਾਵੇ ਮੋਰਨੀਆਂ
850
ਵੀਰਾ ਵੇ ਬੁਲਾ ਸੁਹਣਿਆਂ
ਤੈਨੂੰ ਵੇਖ ਕੇ ਭੁੱਖੀ ਰੱਜ ਜਾਵਾਂ
851
ਭਾਬੋ ਕਹਿੰਦੀ ਗੋਹਾ ਪੱਥਿਆ
ਵੀਰ ਕਹੇ ਬੈਠੀ ਨੂੰ ਟੁੱਕ ਦੇਣਾ

852

ਦੇਖੋ ਮੇਰੇ ਵੀਰ ਦੀ ਖੱਟੀ
ਮੂਹਰੇ ਘੋੜੀਆਂ ਮਗਰ ਵਛੇਰੀ

853

ਵੀਰ ਦਿਆਂ ਫੁਲਕਿਆਂ ਨੂੰ
ਮੈਂ ਖੰਡ ਦਾ ਪਲੇਥਣ ਲਾਵਾਂ

854

ਬੋਤਾ ਚਾਰਦੇ ਭੈਣਾਂ ਨੂੰ ਮਿਲ਼ ਆਉਂਦੇ
ਸਰਵਣ ਵੀਰ ਕੁੜੀਓ

855

ਟੁੱਟ ਕੇ ਨਾ ਬਹਿਜੀਂ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ

856

ਧੀ ਜੰਮ ਪੀ ਜਵਾਈ ਵਾਲ਼ਾ ਹੋ ਗਿਆ
ਟਸਗੀ ਨਾ ਬੰਨ੍ਹ ਵੀਰਨਾ

## ਭੂਆ ਭਤੀਜਾ

857
ਚੱਕ ਕੇ ਭਤੀਜੇ ਨੂੰ
ਸਤ ਪੌੜੀਆਂ ਚੁਬਾਰੇ ਚੜ੍ਹ ਜਾਵਾਂ
858
ਟਿੱਕਾ ਘੜ ਦੇ ਸੁਨਿਆਰਾ ਚਿੱਤ ਲਾ ਕੇ
ਗੁੰਦਣਾ ਭਤੀਜੇ ਦੇ
859
ਚੱਕ ਕੇ ਭਤੀਜੇ ਨੂੰ
ਮੇਰਾ ਕਾਲਜਾ ਠੰਡਾ ਠਰ ਹੋਇਆ
860
ਪੁੱਤ ਵੀਰ ਨਾ ਭਤੀਜਾ ਮੇਰਾ
ਨਾਓਂ ਜੜ ਮਾਪਿਆਂ ਦੀ
861
ਬੋਤੇ ਚਾਰਦੇ ਭਤੀਜੇ ਮੇਰੇ
ਕੱਤਦੀ ਨੂੰ ਆਣ ਮਿਲਦੇ
862
ਵੀਰਾਂ ਨਾਲ਼ੋਂ ਨੀ ਭਤੀਜੇ ਪਿਆਰੇ
ਭੂਆ ਕਹਿ ਕੇ ਮੱਥਾ ਟੇਕਦੇ
863
ਪੁੱਤ ਵੀਰ ਦਾ ਭਤੀਜਾ ਮੇਰਾ
ਭੂਆ ਆਖੇ ਠਰੇ ਕਾਲਜਾ
864
ਕਿਤੇ ਮਿਲ ਵੇ ਭੂਆ ਦਾ ਪੁੱਤ ਬਣ ਕੇ
ਮੇਲੇ ਮਾਘੀ ਦੇ

# ਦਿਲ ਦਾ ਮਹਿਰਮ

865
ਕੰਮ ਬਾਝ ਨੀ ਬਚੋਲਿਆਂ ਬਣਦਾ
ਘਰ ਭਾਮੇਂ ਹੋਵੇ ਲੱਖ ਦਾ

866
ਦੋ ਸਿਰ ਜੁੜਦਿਆਂ ਨੂੰ
ਚੰਦਰਾ ਮਾਰਦਾ ਭਾਨੀ

867
ਮਤਲਬ ਕੱਢ ਲੈਣ ਗੇ
ਮਿੱਠੀਆਂ ਜ਼ਬਾਨਾਂ ਵਾਲ਼ੇ

868
ਜ਼ੋਰ ਨਾ ਕੁੜੀ ਦਾ ਕੋਈ
ਰੋਂਦੀ ਨੂੰ ਤੋਰ ਦੇਣਗੇ

869
ਗੱਡੀ ਵਾਲ਼ਿਆ ਵੇ ਅੜਬ ਦਖਾਣਾ
ਕੁੜੀਆਂ ਨੂੰ ਮਿਲ਼ ਲੈਣ ਦੇ

870
ਗੱਡੀ ਤੋਰ ਵੇ ਦਖਾਣਾ ਦਿਆ ਮੁੰਡਿਆ
ਖਸਮਾਂ ਨੂੰ ਖਾਣ ਕੁੜੀਆਂ

871
ਚਾਓ ਮੁਕਲਾਵੇ ਦਾ
ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ

872
ਬਣ ਬਣ ਨਿਕਲ ਸਰੀਰਾ
ਇਹ ਪਿੰਡ ਸਹੁਰਿਆਂ ਦਾ

873
ਗੱਡੀ ਵਿਚ ਨਾ ਪਰਾਹੁਣਿਆਂ ਛੇੜੀਂ
ਘਰ ਜਾ ਕੇ ਨੈਣ ਦਸਦੂ

874
ਪਰ੍ਹੇ ਹਟ ਜਾ ਕੁਪੱਤੀਏ ਨੈਣੇ
ਇਕ ਬਾਰੀ ਤੱਕ ਲੈਣ ਦੇ

875
ਜਿਗਰਾ ਨਾਈਆਂ ਦਾ
ਨੈਣ ਜੱਟਾਂ ਨਾਲ਼ ਤੋਰੀ

876
ਬੱਗਿਆ ਚੱਕ ਚੌਂਕੜੀ
ਨੈਣ ਨਵੇ ਵਿਚ ਆਈ

877
ਮੈਨੂੰ ਅੱਜ ਦੀ ਰਾਤ ਨਾ ਛੇੜੀਂ
ਮਹਿੰਦੀ ਵਾਲ਼ੇ ਹੱਥ ਜੋੜਦੀ

878
ਤੱਤੀ ਖੀਰ ਨੀ ਬਸ਼ਰਮਾ ਖਾਂਦੇ
ਪੁੱਤ ਸਰਦਾਰਾਂ ਦੇ

879
ਅੰਨ੍ਹੇ ਜੱਟ ਦਾ ਆਇਆ ਮੁਕਲਾਵਾ
ਗੱਡੀ ਦੇ ਵਿਚ ਨੈਣ ਦੱਬ ਲੀ

880
ਪੁੱਤ ਮਰਜੇ ਬਚੋਲਿਆ ਤੇਰਾ
ਹਾਣ ਦਾ ਨਾ ਵਰ ਟੋਲਿਆ

881
ਪਟਤੀ ਸੰਜੋਗਾਂ ਨੇ
ਮੈਨੂੰ ਹਾਣ ਦਾ ਮੁੰਡਾ ਨਾ ਥਿਆਇਆ

882
ਵਰ ਲੱਭਿਆ ਬੀਹੀ ਦਾ ਕੂੜਾ
ਪਿੰਡ ਦੀ ਨਘੋਚਣ ਨੂੰ

883
ਦੇਖ ਕੇ ਬੁੱਢੇ ਦੇ ਧੌਲ਼ੇ
ਗੱਡੀ ਦੇ ਵਿਚ ਧਾ ਮਾਰੀ

884
ਮੈਨੂੰ ਮੁੰਜ ਕੁਟਣੇ ਦੇ ਵਿਆਹਿਆ
ਮਾਏਂ ਤੈਥੋਂ ਕੱਖ ਨਾ ਸਰੀ

885
ਹਾਣ ਦਾ ਮੁੰਡਾ ਨਾ ਥਿਆਇਆ
ਨਗਰਾਂ 'ਚ ਹਨ੍ਹੇਰ ਪੈ ਗਿਆ

886
ਮੁੰਡਾ ਰੰਗ ਦਾ ਸੁਣੀਂਦਾ ਕਾਲ਼ਾ
ਧੋਬੀਆਂ ਦੇ ਸੁਟਣਾ ਪਿਆ

887
ਕਾਲ਼ਾ ਵਰ ਲੱਭਾ ਮਾਪਿਆਂ
ਉਹਨੂੰ ਸੁਰਮਾਂ ਬਣਾ ਕੇ ਪਾਵਾਂ

888
ਮੈਂ ਚੋਬਰੀ ਤੇ ਕੰਤ ਨਿਆਣਾ
ਰੱਬ ਵੈਰੀ ਹੋਇਆ ਕੁੜੀਓ

889
ਵੇ ਮੈਂ ਤੂਤ ਦੀ ਛਟੀ
ਗਲ਼ ਗੀਠੜੇ ਜਹੇ ਦੇ ਲਾਈ

890
ਧੁੱਪ ਵਾਂਗੂੰ ਚਮਕਦੀਏ
ਤੇਰੇ ਯਾਰ ਦਾ ਸੁਣੀਂਦਾ ਰੰਗ ਕਾਲ਼ਾ

891
ਉਖਲੀ ਭਰਾ ਲੀ ਬਾਬਲਾ
ਮੇਰੇ ਰੂਪ ਦੀ ਪਰਖ ਨਾ ਕੀਤੀ

892
ਮੇਰੇ ਖਾ ਗਿਆ ਹੱਡਾਂ ਨੂੰ ਝੋਰਾ
ਕੰਤ ਨਿਆਣੇ ਦਾ

893
ਬੇਈਮਾਨ ਮੁਕਰ ਗੇ ਮਾਪੇ
ਮੰਗ ਸੀ ਮੈਂ ਤੇਰੀ ਪੂਰਨਾ

894
ਚਿੱਟੇ ਚਾਦਰੇ ਜਿਨ੍ਹਾਂ ਨੇ ਪੁੰਨ ਕੀਤੇ
ਰੱਬ ਨੇ ਮਲਾਈਆਂ ਜੋੜੀਆਂ

895
ਘਰ ਦੇਖਿਆ ਨਾ ਸ਼ੁਕੀਨਾ ਤੇਰਾ
ਦੇਖੀ ਤੇਰੀ ਗੋਲ ਪਿੰਜਣੀ

896
ਗੱਡੀ ਜੋੜ ਕੇ ਕਦੇ ਨਾ ਆਇਆ
ਛੁੱਟ ਮੁਕਲਾਵੇ ਤੋਂ
897
ਗੱਲਾਂ ਤੇਰੀਆਂ ਅਰਜ਼ਾਂ ਮੇਰੀਆਂ
ਚਲ ਮੇਰੀ ਮਾਂ ਕੋਲ ਵੇ
898
ਤੇਰੀ ਮਾਂ ਕੀ ਕਰਲੂ
ਜਾਣੀ ਰੱਖ ਲੂ ਮਹੀਨਾ ਜਾਦੇ
899
ਕਾਹਨੂੰ ਆ ਗਿਐਂ ਸਰਹੋਂ ਦਾ ਫੁੱਲ ਬਣ ਕੇ
ਮਾਪਿਆਂ ਨੇ ਨਹੀਂ ਤੋਰਨੀ
900
ਮੂਹਰੇ ਤੁਰ ਪੈ ਬਦਾਮੀ ਸਾਫੇ ਵਾਲ਼ਿਆ
ਪਿੱਛੇ ਪਿੱਛੇ ਆਵਾਂ ਮਿਹਲਦੀ
901
ਘੁੰਡ ਕੱਢ ਲੈ ਪਤਲੀਏ ਨਾਰੇ
ਸਹੁਰਿਆਂ ਦਾ ਪਿੰਡ ਆ ਗਿਆ
902
ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿਚ ਕੈਦ ਕੀਤੀਆਂ
903
ਘੁੰਡ ਕੱਢਦੀ ਸ਼ਰਮ ਦੀ ਮਾਰੀ
ਅੱਖ ਤੇਰੇ ਵਿਚ ਰੱਖਦੀ
904
ਘੁੰਡ ਕੱਢਣਾ ਮੜਕ ਨਾਲ਼ ਤੁਰਨਾ
ਸਹੁਰੀਂ ਜਾ ਕੇ ਦੋ ਦੋ ਪਿਟਣੇ
905
ਮੇਰਾ ਪਤਲਾ ਭੌਰ ਸ਼ੁਕੀਨੀ
ਧੁੱਪ ਵਿਚ ਛਾਂ ਮਿਣਦਾ
906
ਮੁੰਡਾ ਚੌਧਰੀ ਮੇਰਾ ਮਨ ਸ਼ੌਂਕੀ
ਕੌਣ ਰਲਾਵੇ ਸੰਨ੍ਹੀਆਂ

907
ਉੱਠ ਖੜ੍ਹ ਬੇਫਿਕਰਿਆ
ਤੇਰੇ ਹਾਣ ਦੇ ਮੁੰਡਿਆਂ ਨੇ ਹਲ਼ ਜੋੜੇ

908
ਪਾਰ ਕੱਸੀਓਂ ਚੱਲੇ ਹੱਲ਼ ਮੇਰਾ
ਦੁੱਧ ਦਾ ਲਿਆਈਂ ਗੜਬਾ

909
ਓਥੇ ਲੈ ਚੱਲ ਚਰਖਾ ਮੇਰਾ
ਜਿਥੇ ਤੇਰਾ ਹਲ਼ ਚਲਦਾ

910
ਹਾੜ੍ਹੀ ਵਢੂੰਗੀਂ ਨਾਲ਼ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ

911
ਬਾਰ ਵਿਚ ਲੈ ਚੱਲ ਵੇ
ਸਦਾਊਂਗੀ ਮੁਰੱਬਿਆ ਵਾਲ਼ੀ

912
ਦਿਸਦਾ ਰਹਿ ਮਿੱਤਰਾ
ਭਾਵੇਂ ਰਹਿ ਘਰਦਿਆਂ ਦੇ ਨਾਲ਼ੇ

913
ਵੇ ਮੈਂ ਸਾਰੇ ਟੱਬਰ ਦੀ ਗੋਲੀ
ਇਕ ਤੇਰੀ ਜਿੰਦ ਬਦਲੇ

914
ਤੇਰੀ ਖਾਤਰ ਸਹਿਣੇ ਪੈਂਦੇ
ਵੇ ਬੋਲ ਸ਼ਰੀਕਾਂ ਦੇ

915
ਕੌਣ ਕਟਾਵੇਂ ਰਾਤਾਂ
ਮੇਰੇ ਸ਼ਾਮ ਦੀਆਂ

916
ਕੌਣ ਦੁੱਖਾਂ ਦਾ ਸੀਰੀ
ਘਰ ਦੇ ਸ਼ਾਮ ਬਿਨਾ

917
ਢਿੱਡ ਦੁਖਦਾ ਬੇਲਣੀ ਫੇਰਾਂ
ਹੱਸਦਾ ਮੁਸਕੜੀਆਂ

918

ਕਾਲ਼ਾ ਘੱਗਰਾ ਸੋਸਨੀ ਮੇਰਾ
ਦੇਖ ਦੇਖ ਰੋਏਂਗਾ ਜੱਟਾ

919

ਮੈਂ ਤਾਂ ਤੇਰੀ ਜਾਨ ਗੋਰੀਏ
ਤੈਤੋਂ ਸੰਗਦਾ ਬੱਟੀ ਨਾ ਲਿਆਇਆ

920

ਅਸੀਂ ਦੋਵੇਂ ਲਾਲ ਬੱਕਰੇ
ਕਿਤੇ ਰੱਬ ਦੀ ਨਿਗ੍ਹਾ ਨਾ ਚੜ੍ਹ ਜਾਈਏ

921

ਮੈਨੂੰ ਕੱਲੀ ਨੂੰ ਚੁਬਾਰਾ ਪਾ ਦੇ
ਤ੍ਰਿੰਜਣਾਂ 'ਚ ਮੈਂ ਨਾ ਕੱਤਦੀ

922

ਜੋੜੀ ਵਿਚ ਨਾ ਵਿਛੋੜਾ ਪਾਵੀਂ
ਕੱਠਿਆਂ ਨੂੰ ਚੱਕੀਂ ਰੱਬਾ

923

ਵੇ ਮੈਂ ਤੇਰੀ ਆਂ ਨਣਦ ਦਿਆ ਵੀਰਾ
ਜੁੱਤੀ ਉੱਤੋਂ ਜੱਗ ਵਾਰਿਆ

## ਸੱਸ ਸੁਪੱਤੀ

924
ਆਪ ਸੱਸ ਮੰਜੇ ਲੇਟਦੀ
ਸਾਨੂੰ ਮਾਰਦੀ ਚੱਕੀ ਵਲ ਸੈਨਤਾਂ

925
ਜੇ ਮੈਂ ਜਾਣਦੀ ਸੱਸੇ ਨੀ ਚੱਜ ਤੇਰੇ
ਤੇਰੀ ਦਿਹਲੀ ਨਾ ਬੜਦੀ

926
ਮੇਰੇ ਸੱਸ ਨੇ ਮੱਕੀ ਦਾ ਟੁੱਕ ਮਾਰਿਆ
ਡੌਲ਼ੇ ਕੋਲ਼ੋਂ ਬਾਂਹ ਟੁੱਟ ਗੀ

927
ਅੱਗੋਂ ਸੱਸ ਬਘਿਆੜੀ ਟੱਕਰੀ
ਮਾਪਿਆਂ ਨੇ ਰੱਖੀ ਲਾਡਲੀ

928
ਸੱਸੇ ਦੁੱਧ ਨੂੰ ਜਾਗ ਨਾ ਲਾਈਂ
ਅਜ ਮੇਰੇ ਵੀਰ ਨੇ ਆਉਣਾ

929
ਸੱਸ ਮੇਰੀ ਐਸੀ ਬੁਰੀ
ਛੰਨਾ ਭਰਕੇ ਜਾਗ ਦਾ ਲਾਇਆ

930
ਸੱਸ ਮੇਰੀ ਚੰਦਰੀ ਜਹੀ
ਵੀਰ ਆਇਆ ਤੇ ਬੂਹਾ ਨਾ ਖੋਲ੍ਹੇ

931
ਮੇਰਾ ਵੀਰ ਪਰਾਹੁਣਾ ਆਇਆ
ਹੱਟੀਆਂ ਦੀ ਖੰਡ ਮੁਕਗੀ

932
ਮੇਰੀ ਸੱਸ ਦਾ ਭਤੀਜਾ ਆਇਆ
ਖੰਡ ਦੀਆਂ ਆਉਣ ਬੋਰੀਆਂ

933
ਸੱਸੇ ਤੇਰੀ ਮਹਿੰ ਮਰਜੈ
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

934
ਪੁੱਤ ਤੇਰਾ ਵੈਲੀ ਸੱਸੀਏ
ਕੀਹਦੇ ਹੌਸਲੇ ਲੰਬਾ ਤੰਦ ਪਾਵਾਂ

935
ਸੱਸੇ ਵੇਖ ਨੀ ਜੁਆਨੀ ਮੇਰੀ
ਮੋੜ ਪੁੱਤ ਆਪਣੇ ਨੂੰ

936
ਸੱਸੇ ਵੇਖ ਨੀ ਜਵਾਨੀ ਮੇਰੀ
ਭਰਤੀ ਤੋਂ ਪੁੱਤ ਰੋਕ ਲੈ

937
ਰੁੱਸੇ ਪੁੱਤ ਦੀ ਮਗਰ ਨੀ ਜਾਣਾ
ਇਕ ਪੁੱਤ ਹੋਰ ਜਣ ਦੂੰ

938
ਕਦੋਂ ਜੰਮਿਆ ਕਦੋਂ ਨੀ ਹੋਇਆ ਗੱਭਰੂ
ਹੁਣ ਲੋੜ ਤੇਰੇ ਪੁੱਤ ਦੀ

939
ਮੇਰੀ ਸੱਸ ਦੇ ਚਿਲਕਣੇ ਬਾਲ਼ੇ
ਬਾਪੂ ਮੈਨੂੰ ਸੰਗ ਲੱਗਦੀ

940
ਸੱਸ ਆਖਦੀ ਚੜ੍ਹੀ ਐ ਤੈਨੂੰ ਮਸਤੀ
ਰੋ-ਰੋ ਅੱਖਾਂ ਲਾਲ ਹੋਗੀਆਂ

941
ਜਾਂ ਬਾਪੂ ਮੈਂ ਮਰ ਜਾਂ
ਜਾਂ ਮਰ ਜੇ ਕੁੜਮਣੀ ਤੇਰੀ

942
ਪੱਚੀਆਂ ਦੀ ਲਿਆ ਦੇ ਲੋਗੜੀ
ਅਸੀਂ ਸੱਸ ਦੇ ਪਰਾਂਦੇ ਕਰਨੇ

943
ਸੱਸ ਦੇ ਸਤਾਰਾਂ ਕੁੜੀਆਂ
ਮੱਥਾ ਟੇਕਦੀ ਨੂੰ ਬਾਰਾਂ ਵਜ ਜਾਂਦੇ

944
ਸੱਸ ਦੇ ਸੰਦੂਕ ਜੰਮਿਆਂ
ਨਾਲ਼ ਦੇ ਦੂ ਧੀਆਂ ਦੇ ਮੁਕਲਾਵੇ

945
ਮੇਰੀ ਸੱਸ ਮੁਕਲਾਵੇ ਆਈ
ਪੀਹੜੀ ਉਹਨੂੰ ਮੈਂ ਡਾਹੀ

946
ਸੱਸ ਚੱਲੀ ਸਹੁਰਿਆਂ ਨੂੰ
ਗਲ ਲੱਗ ਕੇ ਪੁੱਤਾਂ ਦੇ ਰੋਵੇ

947
ਸੱਸੀਏ ਨਾ ਰੋ ਨੀ
ਕੁਲ ਛੱਡਣੀ ਮਹੀਨੇ ਢਾਈ

948
ਸੱਚ ਦੱਸੀਂ ਮੇਰੀ ਸੱਸੀਏ
ਸਹੁਰੇ ਕਿਹੜੀ ਜੁਗਤ ਨਾਲ਼ ਵਰਤੇ

949
ਜਿਥੇ ਮੇਰੀ ਸੱਸ ਵਰਤੇ
ਓਥੇ ਮੈਂ ਵਰਤੋਂ ਨੀ ਪਾਉਣੀ

950
ਨਿਮ ਦਾ ਕਰਾ ਦੇ ਘੋਟਣਾ
ਸੱਸ ਕੁੱਟਣੀ ਸੰਦੂਕਾਂ ਓਹਲੇ

951
ਨਿਮ ਦਾ ਕਰਾ ਦੇ ਘੋਟਣਾ
ਕਿਤੇ ਸੱਸ ਕੁੱਟਣੀ ਬਣ ਜਾਵੇ

952
ਛੇਤੀ ਛੇਤੀ ਵਧ ਕਿੱਕਰੇ
ਅਸੀਂ ਸੱਸ ਦਾ ਸੰਦੂਕ ਬਣਾਉਣਾ

953
ਸੱਸਾਂ ਕੀਹਨੇ ਨੇ ਬਣਾਈਆਂ
ਸੱਚੇ ਸਤਗੁਰ ਨੇ ਚੁੜੇਲਾਂ ਲਾਈਆਂ

954
ਸੱਸ ਮਰੀ ਦੀ ਮੰਜਲ ਨੀ ਜਾਣਾ
ਸਹੁਰੇ ਦਾ ਬਬਾਨ ਕੱਢਣਾ

955
ਸੱਸੇ ਮੈਨੂੰ ਤਾਂ ਕਰੇਂ ਤਕੜਾਈਆਂ
ਆਪਣੇ ਦਿਨ ਭੁਲ ਗੀ

956
ਤੈਨੂੰ ਸੱਸ ਦੇ ਮਰੇ ਤੋਂ ਪਾਵਾਂ
ਸੁਥਣੇ ਸੂਫ ਦੀਏ

• •

ਸੱਸ ਮਰਗੀ ਨਣਦ ਸਹੁਰੇ ਤਰਗੀ
ਆਪਾਂ ਦੋਵੇਂ ਮੇਲੇ ਚੱਲੀਏ

• •

ਸੱਸ ਲੜ ਕੇ ਕਿੱਕਰ 'ਤੇ ਚੜ੍ਹਗੀ
ਸਹੁਰਾ ਥੱਲੇ ਕਰੇ ਮਿੰਨਤਾਂ

• •

ਸਹੁਰਾ ਮੇਰਾ ਸਤ ਜੁਗੀਆ
ਸੱਸ ਚੰਦਰੀ ਬਾੜ ਦਾ ਝਾਫਾ

## ਨਣਦ ਭਰਜਾਈ

957
ਮੇਰੀ ਨਣਦ ਚੱਲੀ ਮੁਕਲਾਵੇ
ਪਿੱਪਲ਼ੀ ਦੇ ਪੱਤ ਵਰਗੀ

958
ਮੇਰੀ ਨਣਦ ਚੱਲੀ ਮੁਕਲਾਵੇ
ਗੋਭੀ ਦੇ ਫੁੱਲ ਵਰਗੀ

959
ਮੇਰੀ ਨਣਦ ਚੱਲੀ ਮੁਕਲਾਵੇ
ਅਲ਼ਸੀ ਦੇ ਫੁੱਲ ਵਰਗੀ

960
ਮੇਰੀ ਨਣਦ ਗਈ ਮੁਕਲਾਵੇ
ਦੁੱਧ ਵਾਂਗੂੰ ਰਿੜਕ ਸੁੱਟੀ

961
ਨਣਦੇ ਮੋਰਨੀਏਂ
ਤੇਰੇ ਮਗਰ ਬੰਦੂਕਾਂ ਵਾਲ਼ੇ

962
ਨਣਦੇ ਮੋਰਨੀਏਂ
ਘੜਾ ਵਿਚ ਮੁੰਡਿਆਂ ਦੇ ਭੰਨਿਆ

963
ਭਾਬੋ ਮੇਰੇ ਵਸ ਨਾ ਰਹੀ
ਘੜਾ ਫੁਟ ਗਿਆ ਸੁੱਥਣ ਪਟ ਹੋਗੀ

964
ਚਿੱਟੇ ਗੂਠੜੇ ਦੁਖੱਲੀ ਜੁੱਤੀ ਪਾ ਕੇ
ਕਿੱਥੇ ਚੱਲੀ ਬੀਬੀ ਨਣਦੇ

965
ਹੱਥ ਪੂਣੀਆਂ ਢਾਕ ਤੇ ਚਰਖਾ
ਤ੍ਰਿੰਜਣੀਂ ਕੱਤਣ ਚੱਲੀ

966
ਮਿਹਣੇ ਮਾਰ ਨਾ ਕੁਪੱਤੀਏ ਨਣਦੇ
ਲਾਗਲੇ ਸ਼ਰੀਕ ਸੁਣਦੇ

967
ਆਪਣਾ ਕੀ ਲੈ ਗਿਆ ਨਣਦੇ
ਮੁੰਡਾ ਉੱਠ ਗਿਆ ਪੈਂਦ ਤੇ ਬਹਿ ਕੇ

968
ਤੇਰੇ ਚੱਜ ਨਾ ਵਸਣ ਦੇ ਨਣਦੇ
ਕੱਤਣੀ 'ਚੋਂ ਥਿਆਈਆਂ ਰਿਓੜੀਆਂ

969
ਚੰਦਰੇ ਘਰਾਂ ਦੀਆਂ ਆਈਆਂ
ਭੈਣਾਂ ਨਾਲ਼ੋਂ ਭਾਈ ਤੋੜ ਲੇ

970
ਭੰਨਤਾ ਚੱਕੀ ਦਾ ਹੱਥੜਾ
ਨਣਦ ਬਛੇਗੀ ਨੇ

971
ਨਣਦੇ ਦੁਖ ਦੇਣੀਏ
ਤੈਨੂੰ ਤੋਰ ਕੇ ਕਦੇ ਨੀ ਨੌਂ ਲੈਣਾ

972
ਨਣਦੇ ਜਾ ਸਹੁਰੇ
ਭਾਮੇਂ ਲੈ ਜਾ ਕੰਨਾਂ ਦੇ ਬਾਲ਼ੇ

973
ਭਾਈ ਭਾਓ ਦੇ
ਭਰਜਾਈਆਂ ਲੁੱਟਣ ਖਾਣ ਦੀਆਂ

974
ਜੁੱਗ ਜੁੱਗ ਜਿਊਣ ਸਕੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ

## ਜੇਠ ਜਠਾਣੀ

975
ਰਾਂਝਾ ਰੁਲਦੂ ਬੱਕਰੀਆਂ ਚਾਰੇ
ਘਰ ਮੇਰੇ ਜੇਠ ਦੀ ਪੁੱਗੇ

976
ਦਿਨ ਕੱਟਣੇ ਜੇਠ ਨਾਲ਼ ਰਲ਼ਕੇ
ਸਮੇਂ ਨੂੰ ਮੁੰਡਾ ਹੋਇਆ ਗੱਭਰੂ

977
ਕਿਹੜੇ ਜੇਠ ਦੇ ਬਾਗ 'ਚੋਂ ਲਿਆਵਾਂ
ਮੁੰਡਾ ਰੋਵੇ ਅੰਬੀਆਂ ਨੂੰ

978
ਜਿਊਂਦੀ ਮੈਂ ਮਰ ਗਈ
ਮੈਨੂੰ ਕੱਢੀਆਂ ਜੇਠ ਨੇ ਗਾਲ੍ਹਾਂ

979
ਮੇਰੇ ਜੇਠ ਦੇ ਪੁੱਠੇ ਦਿਨ ਆਏ
ਕਿੱਕਰਾਂ ਨੂੰ ਪਾਵੇ ਜੱਫੀਆਂ

980
ਮੇਰੇ ਚੰਦਰੇ ਜੇਠ ਦੇ ਛੋਲੇ
ਕਦੇ ਨਾ ਲਿਆਈ ਸਾਗ ਤੋੜ ਕੇ

981
ਪੌੜੀ ਵਿਚ ਅੱਧ ਮੇਰਾ
ਅਸੀਂ ਜੇਠ ਚੜ੍ਹਨ ਨੀ ਦੇਣਾ

982
ਜੇਠ ਦਾ ਟੱਪ ਢੈ ਗਿਆ
ਮੇਰਾ ਹਾਸਾ ਨਿਕਲਦਾ ਜਾਵੇ

983
ਹਾਕਾਂ ਮਾਰੇ ਜੇਠ ਦਾ ਮੁੰਡਾ
ਚੱਲ ਚਾਚੀ ਨੀ ਚਰ੍ਹੀ ਨੂੰ ਚੱਲੀਏ

984

ਵੇ ਮੈਂ ਲਗਦੀ ਔਤ ਦਿਆ ਚਾਚੀ
ਕਰਦੈਂ ਮਸ਼ਕਰੀਆਂ

985

ਚੀਰਾ ਬੰਨ੍ਹ ਕੇ ਸਾਹਮਣੇ ਬਹਿੰਦਾ
ਟੁੱਟ ਜਾਣੇ ਜੇਠ ਦਾ ਮੁੰਡਾ

986

ਛੜਾ ਜੇਠ ਟਿਚਰਾਂ ਕਰੇ
ਘੁੰਢ ਕੱਢ ਕੇ ਚਰ੍ਹੀ ਦਾ ਰੁੱਗ ਲਾਵਾਂ

987

ਛੜਾ ਜੇਠ ਨੀ ਸੁਹਾਗੇ ਹੇਠ ਆ ਗਿਆ
ਚੰਗਾ ਹੋਇਆ ਕੰਮ ਮੁੱਕਿਆ

988

ਜੇਠ ਕੋਲੋਂ ਕੁਤਰਾ ਕਰਾਵੇ
ਵਹੁਟੀ ਫ਼ੌਜੀ ਦੀ

989

ਛੜਾ ਜੇਠ ਕਰੇ ਕੁਤਰਾ
ਲਾਵੇ ਚੀਰਨੀ ਝਾਂਜਰਾਂ ਵਾਲ਼ੀ

990

ਟੁੱਟ ਪੈਣੀਏ ਚੰਦਰੀਏ ਰਾਤੇ
ਭਾਈ ਜੀ ਤੇ ਮੈਂ ਡਿਗਪੀ

991

ਰੋਟੀ ਲੈ ਕੇ ਦਿਓਰ ਦੀ ਚੱਲੀ
ਅੱਗੇ ਜੇਠ ਬੱਕਰਾ ਹਲ਼ ਵਾਹੇ

992

ਦੇਖੋ ਮੇਰੇ ਜੇਠ ਦੀ ਖੱਟੀ
ਮੂਹਰੇ ਕੁੱਤੀਆਂ ਮਗਰ ਕਤੂਰੇ

993

ਪੁਗਦੀ ਜਠਾਣੀ ਦੀ
ਮਨਾ ਕਾਹਨੂੰ ਚੱਲਿਏਂ ਮੁਕਲਾਵੇ

994

ਮੇਰਾ ਰੰਗ ਸੀ ਮੱਕੀ ਦੇ ਆਟੇ ਵਰਗਾ
ਡੁਲ੍ਹ ਗਿਆ ਜਠਾਣੀ ਤੇ

995
ਤਕਲ਼ੇ ਨੂੰ ਵਲ਼ ਪੈ ਗਏ
ਵਲ਼ ਕਢੂਗੀ ਜਠਾਣੀ ਮੇਰੀ
996
ਘਰ ਪੁਗਦੀ ਜਠਾਣੀਏਂ ਤੇਰੀ
ਖੇਤ ਬੰਨੇ ਜੇਠ ਦੀ ਪੁੱਗੇ

ਮੇਰਾ ਘੁੰਡ 'ਚੋਂ ਨਿਕਲ਼ ਗਿਆ ਹਾਸਾ
ਭਾਈ ਜੀ ਦੇ ਪੈਣ ਜੁੱਤੀਆਂ

## ਭਾਬੀਆਂ ਦਾ ਗਹਿਣਾ

997
ਛੋਟਾ ਦਿਉਰ ਭਾਬੀਆਂ ਦਾ ਗਹਿਣਾ
ਪੱਟਾਂ ਵਿਚ ਖੇਡਦਾ ਫਿਰੇ

998
ਲੈ ਡੋਰੀਆ ਗੰਢੇ ਦੀ ਪੱਤ ਵਰਗਾ
ਰੋਟੀ ਲੈ ਕੇ ਦਿਉਰ ਦੀ ਚੱਲੀ

999
ਮੇਰੀ ਬੱਕਰੀ ਚਾਰ ਲਿਆ ਦਿਓਰਾ
ਮੈਂ ਨਾ ਤੇਰਾ ਹੱਕ ਰੱਖਦੀ

1000
ਰੰਨ ਬੱਕਰੀ ਚਰਾਉਣ ਦੀ ਮਾਰੀ
ਲਾਰਾ ਲੱਪਾ ਲਾ ਰਖਦੀ

1001
ਦਿਓਰਾ ਵੇ ਤੂੰ ਕਰ ਕੁਤਰਾ
ਰੁਗ ਲਾਵਾਂ ਚਰ੍ਹੀ ਦੇ ਤੈਨੂੰ

1002
ਦਿਓਰਾ ਵੇ ਕਰ ਕੁਤਰਾ
ਛੰਨਾ ਦਿਆਂ ਵੇ ਮਲ਼ਾਈ ਸਣੇ ਦੁਧ ਦਾ

1003
ਮੈਂ ਬੇਰ ਬਜ਼ਾਰੋਂ ਲਿਆਂਦਾ
ਭਾਬੀ ਤੇਰੀ ਗਲ੍ਹ ਵਰਗਾ

1004
ਢੂਹੀ ਟੁੱਟਗੀ ਤਵੀਤਾਂ ਵਾਲ਼ੇ ਦਿਓਰ ਦੀ
ਬੱਕਰੀ ਨੂੰ ਦੇਵਾਂ ਮੱਠੀਆਂ

1005
ਪੁੱਛਦਾ ਦਿਓਰ ਖੜਾ
ਤੇਰਾ ਕੀ ਦੁਖਦਾ ਭਰਜਾਈਏ

1006
ਦਿਓਰ ਕਮਾਰੇ ਦੀ
ਮੰਜੀ ਸੜਕ ਤੇ ਮਾਰੀ

1007
ਦੇਖੀਂ ਦਿਓਰਾ ਭੰਨ ਨਾ ਦਈਂ
ਮੇਰਾ ਪੱਟੀਆਂ ਦੇਖਣ ਵਾਲ਼ਾ ਸ਼ੀਸ਼ਾ

1008
ਮੁੰਡਾ ਚੁੱਕ ਲੈ ਵੀਰ ਦਾ ਢਾਕੇ
ਚੱਲ ਦਿਓਰਾ ਮੇਲੇ ਚੱਲੀਏ

1009
ਪਿੰਡ ਲੰਘ ਕੇ ਕੰਗਲੀਆਂ ਪਾਈਆਂ
ਦਿਓਰ ਭਾਬੀ ਮੇਲੇ ਚੱਲੇ

1010
ਘੁੰਡ ਕੱਢ ਕੇ ਸਲਾਮੀ ਪਾਵਾਂ
ਵਿਆਹ ਕਰਵਾ ਦਿਓਰਾ

1011
ਕਾਲ਼ਾ ਦਿਓਰ ਕੱਜਲੇ ਦੀ ਧਾਰੀ
ਅੱਖੀਆਂ 'ਚ ਪਾ ਰੱਖਦੀ

1012
ਦਿਓਰਾ ਤੈਨੂੰ ਧੁੱਪ ਲੱਗਦੀ
ਮੱਚੇ ਕਾਲਜਾ ਮੇਰਾ

1013
ਭਾਬੀ ਦਿਓਰ ਬਿਨਾ
ਫੁੱਲ ਵਾਂਗੂੰ ਕੁਮਲਾਵੇ

# ਵੰਨ-ਸੁਵੰਨੀਆਂ

ਅਸੀਂ ਰੱਬ ਦੇ ਪਰਾਹੁਣੇ ਆਏ
ਲੋਕੀ ਸਾਨੂੰ ਛੜੇ ਆਖਦੇ

ਤੇਰੀ ਚਾਲ ਨੇ ਪੱਟਿਆ ਪਟਵਾਰੀ
ਲੱਡੂਆਂ ਨੇ ਤੂੰ ਪਟਤੀ

ਘਰ ਘਰ ਪੁੱਤ ਜੰਮਦੇ
ਭਗਤ ਸਿੰਘ ਨੀ ਕਿਸੇ ਬਣ ਜਾਣਾ

ਚੰਦ ਕੁਰ ਚੱਕਮਾਂ ਚੁੱਲ੍ਹਾ
ਕਿਤੇ ਯਾਰਾਂ ਨੂੰ ਭੜਾਕੇ ਮਾਰੂ

## ਰੱਬ ਦੇ ਪਰਾਹੁਣੇ

1014
ਉਹ ਘਰ ਛੜਿਆਂ ਦਾ
ਜਿਥੇ ਸ਼ੀਸ਼ਾ ਮੋਚਨਾ ਖੜਕੇ
1015
ਲੋਪੋਂ ਪਿੰਡ ਸੰਤਾਂ ਦਾ
ਜਿਥੇ ਛੜਿਆਂ ਦੀ ਸਰਦਾਰੀ
1016
ਅੱਗ ਲੱਗੇ ਕੱਤਣੀ ਨੂੰ
ਅਸੀਂ ਮੋਰ ਦਾ ਪਾਪ ਨੀ ਕਰਨਾ
1017
ਸੀਸ ਦੇਣ ਜੋ ਛੜੇ ਮਸਤਾਨੇ
ਪੁੱਤ ਜੰਮੇ ਸੰਢਣੀ ਨੂੰ
1018
ਹੁਕਮ ਤਸੀਲੋਂ ਆਇਆ
ਰੰਡੀਆਂ ਨੂੰ ਕੋਈ ਕਰ ਲਓ
1019
ਕੁੜਤੀ ਤੇ ਮੋਰਨੀਆਂ
ਛੜੇ ਪੱਟਣ ਨੂੰ ਪਾਈਆਂ
1020
ਖਿੜਕੀ ਖੋਹਲੂ ਛੜਿਆਂ ਦੀ
ਕੋਈ ਖੋਹਲੂ ਹੌਂਸਲੇ ਵਾਲ਼ੀ
1021
ਘੁੰਡ ਕਢਣਾ ਤਵੀਤ ਨੰਗਾ ਰੱਖਣਾ
ਛੜਿਆਂ ਦੀ ਹਿੱਕ ਲੂਹਣ ਨੂੰ
1022
ਚੁੱਲ੍ਹੇ ਅੱਗ ਨਾ ਘੜੇ ਵਿਚ ਪਾਣੀ
ਛੜਿਆ ਦੋਜਕੀਆ

1023
ਛੜੇ ਬੈਠ ਕੇ ਦਲੀਲਾਂ ਕਰਦੇ
ਵਿਆਹ ਕਰਵਾਉਣ ਦੀਆਂ
1024
ਛੜੇ ਬੈਠ ਕੇ ਦਲੀਲਾਂ ਕਰਦੇ
ਕੌਣ ਕੌਣ ਹੋਈਆਂ ਰੰਡੀਆਂ
1025
ਛੋਟੀ ਈਸ਼ਰੋ ਬੜੀ ਕਰਤਾਰੋ
ਦੋਨੋਂ ਭੈਣਾਂ ਹੋਈਆਂ ਰੰਡੀਆਂ
1026
ਛੜਾ ਬੰਨ੍ਹਿਆਂ ਕੈਦ ਨੂੰ ਜਾਵੇ
ਕਹਿ ਦਿਓ ਮੁੰਡਿਓ ਰੱਬ ਲੱਗਦੀ
1027
ਜਾਵੇਂਗਾ ਜਹਾਨੋਂ ਖਾਲੀ
ਵੇ ਛੜਿਆ ਦੋਜਕੀਆ
1028
ਛੜਿਓ ਮਰਜੋ ਮੱਕੀ ਦਾ ਟੁੱਕ ਖਾ ਕੇ
ਵਿਚ ਪਾ ਲੋ ਨੂੰਣ ਦੀ ਡਲ਼ੀ
1029
ਛਿੱਟਾ ਦੇ ਗੀ ਝਾਂਜਰਾਂ ਵਾਲ਼ੀ
ਛੜਿਆਂ ਦਾ ਦੁੱਧ ਉਬਲੇ
1030
ਛੜੇ ਨੇ ਕਪਾਹ ਬੀਜ ਲੀ
ਕੋਈ ਡਰਦੀ ਚੁਗਣ ਨਾ ਜਾਵੇ
1031
ਕਾਹਨੂੰ ਦੇਨੀ ਏਂ ਕੁਪੱਤੀਏ ਗਾਲ੍ਹਾਂ
ਛੜੇ ਦਾ ਕਿਹੜਾਂ ਪੁੱਤ ਮਰ ਜੂ
1032
ਛੜਿਆਂ ਦੇ ਅੱਗ ਨੂੰ ਗਈ
ਉਨ੍ਹਾਂ ਚੱਪਣੀ ਭੁਆਂ ਕੇ ਮਾਰੀ
1033
ਛੜਿਆਂ ਦੀ ਅੱਗ ਨਾ ਬਲੇ
ਦਾਣੇ ਚੱਬ ਕੇ ਗੁਜ਼ਾਰਾ ਕਰਦੇ

1034
ਬੂਹਾ ਹਵਾ ਦੇ ਨਾਲ਼ ਖੁਲ੍ਹਿਆ
ਛੜੇ ਨੂੰ ਦੇਵੇਂ ਗਾਲ਼ੀਆਂ

1035
ਛੜਾ ਘਰੋਂ ਅੱਗ ਨੂੰ ਗਿਆ
ਵਾਂਗ ਚੋਰ ਝਾਤੀਆਂ ਮਾਰੇ

1036
ਛੜਿਆਂ ਦੇ ਅੰਬ ਤੋੜ ਕੇ
ਬਾੜ ਟੱਪਦੀ ਨੇ ਭਨਾ ਲਏ ਗੋਡੇ

1037
ਛੜੇ ਜਾਣਗੇ ਮੱਕੀ ਦੀ ਰਾਖੀ
ਰੰਨਾਂ ਵਾਲ਼ੇ ਘਰ ਪੈਣਗੇ

1038
ਛੜਿਆਂ ਦੀ ਹਾ ਪੈ ਜੂ
ਰੰਨੇ ਭੁੱਖੇ ਨੇ ਜੁਆਨੀ ਸਾੜੀ

1039
ਛੜਿਆਂ ਦਾ ਦੁਨੀਆਂ ਤੇ
ਕੋਈ ਦਰਦੀ ਨਜ਼ਰ ਨਾ ਆਵੇ

1040
ਲੱਸੀ ਪੀਣ ਦੇ ਬਹਾਨੇ ਆਉਂਦੇ
ਛੜਿਆਂ ਦੀ ਨੀਤ ਬੁਰੀ

1041
ਛੜਿਆਂ ਨੂੰ ਮੌਜ ਬੜੀ
ਦੋ ਖਾਣੀਆਂ ਨਜ਼ਾਰੇ ਲੈਣੇ

1042
ਛੜਿਆਂ ਦਾ ਸ਼ੌਂਕ ਬੁਰਾ
ਕੱਟਾ ਮੁੰਨ ਕੇ ਝਾਂਜਰਾਂ ਪਾਈਆਂ

1043
ਜਦੋਂ ਦੇਖੀ ਛੜੇ ਦੀ ਅੱਖ ਗਹਿਰੀ
ਹੱਥ ਵਿਚੋਂ ਗਿਰੀ ਕੱਤਣੀ

1044
ਟੁੱਟੀ ਮੰਜੀ ਛੜਿਆਂ ਦੀ
ਰੰਨ ਪਲੰਘ ਬਿਨਾਂ ਨਾ ਬੱਚਦੀ

1045
ਤੁਸੀਂ ਦੇ ਦਿਓ ਦੇਸ਼ ਨਕਾਲ਼ਾ
ਪਿੰਡ ਦਿਆਂ ਛੜਿਆਂ ਨੂੰ

1046
ਦਾਲ਼ ਮੰਗੇਂ ਛੜਿਆਂ ਤੋਂ
ਨਾ ਸ਼ਰਮ ਗੁਆਂਢਣੇ ਆਵੇ

1047
ਨਿਓਂਦਾ ਦੇ ਗੀ ਝਾਂਜਰਾਂ ਵਾਲ਼ੀ
ਛੜਿਆਂ ਦਾ ਦੁੱਧ ਉਬਲੇ

1048
ਪਿੱਟ ਪਿੱਟ ਛੜੇ ਮਰਦੇ
ਰੋਟੀ ਚੋਪੜੀ ਨਹੀਂ ਵਿਚ ਕਰਮਾਂ

1049
ਬਾਪੂ ਮੈਨੂੰ ਮਹਿੰ ਲੈ ਦੇ
ਮੈਂ ਛੜਿਆਂ ਦੇ ਵਸ ਪੈਣਾ

1050
ਮਰ ਜਾਏਂ ਚੋਬਰੀਏ
ਬੋਲੀ ਮਾਰ ਕੇ ਛੜੇ ਨੂੰ ਭੁੰਨਿਆਂ

1051
ਮੌਜਾਂ ਛੜਿਆਂ ਨੂੰ
ਧੰਦ ਪਿੱਟਦੇ ਤੀਵੀਆਂ ਵਾਲ਼ੇ

1052
ਰੰਡੀ ਬਾਹਮਣੀ ਪਰੋਸੇ ਫੇਰੇ
ਛੜਿਆਂ ਦੇ ਦੋ ਦੇ ਗੀ

1053
ਰੰਨ ਮਰਗੀ ਤਵੀਤੀਆਂ ਵਾਲ਼ੀ
ਛੜਿਓ ਸਬਰ ਕਰੋ

1054
ਰੰਨਾਂ ਵਾਲ਼ਿਆਂ ਦੇ ਪਲੰਘ ਨਵਾਰੀ
ਛੜਿਆਂ ਦੀ ਮੁੰਜ ਦੀ ਮੁੰਜੀ

1055
ਰੰਨਾਂ ਵਾਲ਼ਿਆਂ ਦੇ ਪੱਕਣ ਪਰੌਂਠੇ
ਛੜਿਆਂ ਦੀ ਅੱਗ ਨਾ ਬਲੇ

1056
ਰੰਨਾਂ ਵਾਲ਼ਿਆਂ ਦੇ ਆਦਰ ਬਥੇਰੇ
ਛੜਿਆਂ ਨੂੰ ਕੌਣ ਪੁੱਛਦਾ
1057
ਰੰਨਾਂ ਵਾਲ਼ੇ ਘੱਟ ਬੋਲਦੇ
ਛੜੇ ਕਰਦੇ ਮਸ਼ਕਰੀ ਪੂਰੀ
1058
ਨਾਲ਼ਾ ਟੰਗ ਲੈ ਘੁੰਗਰੂਆਂ ਵਾਲ਼ਾ
ਟੋਲੀ ਆਉਂਦੀ ਛੜਿਆਂ ਦੀ
1059
ਲੈ ਲਏ ਮਿਰਗਾਂ ਤੋਂ ਨੈਣ ਉਧਾਰੇ
ਛੜਿਆਂ ਦੀ ਹਿੱਕ ਲੂਹਣ ਨੂੰ
1060
ਵਿਹੜੇ ਛੜਿਆਂ ਦੇ
ਕੋਈ ਡਰਦੀ ਪੈਰ ਨਾ ਪਾਵੇ
1061
ਵਿਹੜੇ ਛੜਿਆਂ ਦੇ
ਕੌੜੀ ਨਿੰਮ ਨੂੰ ਪਤਾਸੇ ਲੱਗਦੇ
1062
ਅਸੀਂ ਰੱਬ ਦੇ ਪਰਾਹੁਣੇ ਆਏ
ਲੋਕੀ ਸਾਨੂੰ ਛੜੇ ਆਖਦੇ
1063
ਐਮੇਂ ਭਰਮ ਰੰਨਾਂ ਨੂੰ ਮਾਰੇ
ਹਲ਼ਕੇ ਨਾ ਛੜੇ ਫਿਰਦੇ

## ਸਰਕਾਰੀ ਪਾਤਰ

1064

*ਜੱਜ*

ਹੱਥ ਜੋੜਦੀ ਸ਼ਿਸ਼ਨ ਜੱਜ ਮੂਹਰੇ
ਭਗਤੇ ਨੂੰ ਕੈਦੋਂ ਛੱਡ ਦੇ

1065

ਚੱਕੋ ਸਹੁਰੇ ਜੱਜ ਦੀ ਕੁੜੀ
ਜਿਹੜਾ ਲੰਬੀਆਂ ਤ੍ਰੀਕਾਂ ਪਾਵੇ

1066

*ਠਾਣੇਦਾਰ*

ਕੁਰਸੀ ਮੇਰੇ ਵੀਰ ਦੀ
ਠਾਣੇਦਾਰ ਦੇ ਬਰੋਬਰ ਡਹਿੰਦੀ

1067

ਝਾਂਜਰ ਪਤਲੋ ਦੀ
ਠਾਣੇਦਾਰ ਦੇ ਚੁਬਾਰੇ ਵਿਚ ਖੜਕੇ

1068

ਠਾਣੇਦਾਰ ਨੇ ਲੱਸੀ ਦੀ ਮੰਗ ਪਾਈ
ਚੂਹੀਆਂ ਦੁੱਧ ਦਿੰਦੀਆਂ

1069

ਵੇ ਮੈਂ ਥਾਣੇਦਾਰ ਦੀ ਸਾਲ਼ੀ
ਕੈਦ ਕਰਾਦੂੰਗੀ

1070

ਡੱਬੀ ਕੁੱਤੀ ਮੇਰੇ ਵੀਰ ਦੀ
ਠਾਣੇਦਾਰ ਦੀ ਕੁੜੀ ਨੂੰ ਚੱਕ ਲਿਆਵੇ

1071

ਡੱਬੀ ਘੋੜੀ ਮੇਰੇ ਵੀਰ ਦੀ
ਠਾਣੇਦਾਰ ਦੇ ਤਬੇਲੇ ਬੋਲੇ

1072

ਵੀਰ ਮੇਰਾ ਨੀ ਜਮਾਈ ਥਾਣੇਦਾਰ ਦਾ
ਸੰਮਾਂ ਵਾਲ਼ੀ ਡਾਂਗ ਰਖਦਾ

1073

ਤੀਲੀ ਲੌਂਗ ਦਾ ਮੁਕੱਦਮਾ ਭਾਰੀ
ਠਾਣੇਦਾਰਾ ਸੋਚ ਕੇ ਕਰੀਂ

1074

*ਪਟਵਾਰੀ*

ਅੱਖ ਪਟਵਾਰਨ ਦੀ
ਜਿਉਂ ਇਲ੍ਹ ਦੇ ਆਹਲਣੇ ਆਂਡਾ

1075

ਕਿਹੜੇ ਪਿੰਡ ਦਾ ਬਣਿਆਂ ਪਟਵਾਰੀ
ਕਾਗਜ਼ਾਂ ਦੀ ਬੰਨ੍ਹੀ ਗੱਠੜੀ

1076

ਤੇਰੀ ਚਾਲ ਨੇ ਪੱਟਿਆ ਪਟਵਾਰੀ
ਲੱਡੂਆਂ ਨੇ ਤੂੰ ਪਟਤੀ

1077

ਦੋ ਵੀਰ ਦਈਂ ਵੇ ਰੱਬਾ
ਇਕ ਮੁਨਸ਼ੀ ਤੇ ਇਕ ਪਟਵਾਰੀ

1078

ਮੇਰਾ ਯਾਰ ਪੱਟ ਦਾ ਲੱਛਾ ਪਟਵਾਰੀ
ਧੁਪ ਵਿਚ ਥਾਂ ਮਿਣਦਾ

1079

ਮੁੰਡਾ ਪੱਚੀਆਂ ਪਿੰਡਾਂ ਦਾ ਪਟਵਾਰੀ
ਅੱਗੇ ਤੇਰੇ ਭਾਗ ਲੱਛੀਏ

1080

ਵੇ ਤੂੰ ਜਿੰਦ ਪਟਵਾਰੀਆ ਮੇਰੀ
ਮਾਹੀਏ ਦੇ ਨਾਂ ਲਿਖ ਦੇ

1081

ਬੋਲੀਆਂ ਦਾ ਪਾਵਾਂ ਬੰਗਲਾ
ਜਿਥੇ ਵੱਸਿਆ ਕਰੇ ਪਟਵਾਰੀ

1082

ਮੁੰਡਾ ਪੱਟਿਆ ਨਵਾਂ ਪਟਵਾਰੀ
ਅੱਖਾਂ ਵਿਚ ਪਾ ਕੇ ਸੁਰਮਾਂ

## ਰਾਜਨੀਤਕ ਪੱਖ

1083
ਜਦੋਂ ਮੁਕ ਗੇ ਘੜੇ ਦੇ ਦਾਣੇ
ਬਣ ਗਏ ਸਿੰਘ ਸਭੀਏ

1084
ਕੁਣਕਾ ਖਾਣ ਦੇ ਮਾਰੇ
ਬਣ ਗਏ ਸਿੰਘ ਸਭੀਏ

1085
ਕਾਲੀਆਂ ਨੇ ਅੱਤ ਚੁੱਕ ਲੀ
ਸਾਰੇ ਪਿੰਡ ਦੇ ਸਰਾਧ ਬੰਦ ਕੀਤੇ

1086
ਮੈਂ ਕਾਲਣ ਬਣ ਗਈ ਵੇ
ਕਾਲੀਆ ਤੇਰਿਆਂ ਦੁੱਖਾਂ ਦੀ ਮਾਰੀ

1087
ਮਾਹੀ ਮੇਰਾ ਸਿੰਘ ਸਭੀਆ
ਮੈਨੂੰ ਵਰਤ ਰੱਖਣ ਨਾ ਦੇਵੇ

1088
ਕੂਕੇ ਬੜੇ ਕਸੂਤੇ
ਪਾਣੀ ਨਾ ਪੀਂਦੇ ਬੋਕੇ ਦਾ

1089
ਕੂਕੇ ਬੜੇ ਕਸੂਤੇ
ਗੜਵਾ ਨਾ ਦਿੰਦੇ ਨ੍ਹਾਉਣ ਨੂੰ

1090
ਮੇਰੇ ਸਵਰਗਾਂ ਨੂੰ ਨਰਕ ਬਣਾਇਆ
ਫਿਰਕਾ ਪਰੱਸਤਾਂ ਨੇ

1091
ਤੈਥੋਂ ਰੱਖਿਆ ਨਾ ਗਿਆ ਨਨਕਾਣਾ
ਡੁੱਬਦੀ ਹਿੰਦ ਰੱਖਲੀ

1092
ਭਰਤੀ ਦੇ ਮਿੱਤਰਾ
ਫਸ ਗਿਆ ਯਾਰ ਪੁਰਾਣਾ
1093
ਖਰਾ ਰੁਪਯਾ ਚਾਂਦੀ ਦਾ
ਰਾਜ ਮਹਾਤਮਾ ਗਾਂਧੀ ਦਾ
1094
ਤੇਰੇ ਬੰਬਾਂ ਨੂੰ ਚੱਲਣ ਨੀ ਦੇਣਾ
ਗਾਂਧੀ ਦੇ ਚਰਖੇ ਨੇ
1095
ਆਪ ਬਾਪੂ ਕੈਦ ਹੋ ਗਿਆ
ਸਾਨੂੰ ਦੇ ਗਿਆ ਖੱਦਰ ਦਾ ਬਾਣਾ
1096
ਚਿੱਟੀ ਚੁਆਨੀ ਚਾਂਦੀ ਦੀ
ਜੈ ਬੋਲੋ ਮਹਾਤਮਾ ਗਾਂਧੀ ਦੀ
1097
ਜਦੋਂ ਗੱਜਿਆ ਰਾਵੀ ਤੇ ਨਹਿਰੂ
ਫਰੰਗੀਆਂ ਦਾ ਰਾਜ ਡੋਲਿਆ
1098
ਬੜਾ ਲੁੱਟਿਆ ਬਦੇਸ਼ੀਆਂ ਸਾਨੂੰ
ਹੁਣ ਸਾਡੀ ਅੱਖ ਖੁੱਲ੍ਹ ਗੀ
1099
ਬਾਰੇ ਜਾਈਏ ਭਗਤ ਸਿੰਘ ਦੇ
ਜੀਹਨੇ ਸੰਬਲੀ 'ਚ ਬੰਬ ਚਲਾਇਆ
1100
ਘਰ ਘਰ ਪੁੱਤ ਜੰਮਦੇ
ਭਗਤ ਸਿੰਘ ਨੀ ਕਿਸੇ ਬਣ ਜਾਣਾ
1101
ਗੋਰਿਆਂ ਦੀ ਰੇਲ ਚਲਦੀ
ਫਰੰਗੀਆਂ ਦੇ ਚਲਦੇ ਜੱਕੇ
1102
ਸਾਡੇ ਲੀਡਰਾਂ ਦੇ ਪਲੰਘ ਨਮਾਰੀ
ਟੋਡੀਆਂ ਦੀ ਬਾਣ ਦੀ ਮੰਜੀ

1103
ਗੋਲੀ ਖਾਧੀ ਚਿਤਲੇ ਬਚਾਇਆ
ਕਾਮਰੇਡ ਕਰਨੈਲ ਸਿੰਘ ਨੇ

1104
ਧਰਤੀ ਜਾਗ ਪਈ
ਪਾਊ ਜਿੱਤ ਲੁਕਾਈ

1105
ਏਕਾ ਜੰਤਾ ਦਾ
ਲੋਕ ਰਾਜ ਦੀ ਕੁੰਜੀ

• •

ਰਾਜ ਫਰੰਗੀਆਂ ਦਾ
ਚਲ ਪੇ ਗਿਲਟ ਦੇ ਆਨੇ

## ਆਰਥਕ ਮੰਦਵਾੜਾ

1106
ਰੇਸ਼ਮੀ ਦੁਪੱਟੇ ਵਿਚ ਤਿੰਨ ਧਾਰੀਆਂ
ਪਹਿਨਣੇ ਨਾ ਦਿੰਦੀਆਂ ਕਬੀਲਦਾਰੀਆਂ

1107
ਹੁਣ ਦੇ ਗੱਭਰੂਆਂ ਦੇ
ਚਿੱਟੇ ਚਾਦਰੇ ਲੜਾਂ ਤੋਂ ਖਾਲੀ

1108
ਲੱਛੀ ਤੇਰੇ ਬੰਦ ਨਾ ਬਣੇ
ਮੁੰਡੇ ਮਰਗੇ ਕਮਾਈਆਂ ਕਰਦੇ

1109
ਪਹਿਲਾਂ ਮਾਮਲੇ ਤੋਂ ਜਾਨ ਛੁਡਾਈਏ
ਬੰਦ ਫੇਰ ਬਣ ਜਾਣਗੇ

1110
ਕੱਤੇ ਦੀ ਕਪਾਹ ਵੇਚ ਕੇ
ਮੇਰਾ ਮਾਮਲਾ ਨਾ ਹੋਇਆ ਪੂਰਾ

1111
ਲੱਡੂ ਡੂਢ ਦੇ ਦਸਾਂ ਦੀ ਕੁੜਤੀ
ਜੱਫੀ ਪਾ ਕੇ ਪਾੜ ਨਾ ਸੁੱਟੀਂ

1112
ਪੱਲੇ ਨਿਕਲੀ ਦੁਆਨੀ ਖੋਟੀ
ਲੱਡੂਆਂ ਦਾ ਭਾਅ ਪੁੱਛਦੀ

1113
ਔਖੇ ਲੰਘਦੇ ਘਰਾਂ ਦੇ ਲਾਂਘੇ
ਛੱਡ ਦੇ ਤੂੰ ਬੈਲਦਾਰੀਆਂ

1114
ਮੇਰੀ ਰੱਖ ਲੀ ਸੁੱਥਣ 'ਚੋਂ ਟਾਕੀ
ਟੁੱਟ ਪੈਣੇ ਦਰਜੀ ਨੇ

1115
ਮੈਨੂੰ ਬਾਣੀਆਂ ਲੰਘਣ ਨਾ ਦੇਵੇ
ਮੁੱਲ ਤੇਰੀ ਜਾਕਟ ਦਾ
1116
ਭਾੜਾ ਨਿਤ ਦਾ ਭਰਿਆ ਨਾ ਜਾਵੇ
ਘਰ ਪਾ ਲੈ ਟੇਸਣ ਤੇ
1117
ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨਦੂੰ
ਜੰਮ ਕੇ ਨੌਂ ਕੁੜੀਆਂ
1118
ਜੇ ਤਾਂ ਹੈਨੀ ਤਾਂ ਹੁਦਾਰਾ ਲੈ ਕੇ ਦੇ ਦੇ
ਇਹਨੂੰ ਦੇ ਦੀਂ ਮੱਕੀ ਵੇਚ ਕੇ
1119
ਇਕ ਮੋੜ ਕੇ ਜੇਬ ਵਿਚ ਪਾ ਲੈ
ਇਕ ਤੇਰਾ ਲੱਖ ਵਰਗਾ
1120
ਗੋਦੀ ਮੁੰਡਾ ਤੇ ਚਰ੍ਹੀ ਨੂੰ ਚੱਲੀ
ਸਬਰ ਬਚੋਲੇ ਨੂੰ
1121
ਪਿੰਡਾਂ ਵਿਚ ਭੰਗ ਭੁੱਜਦੀ
ਸ਼ਹਿਰ ਚੱਲੀਏ ਮਜੂਰੀ ਕਰੀਏ
1122
ਤੇਰੀ ਹਾੜ੍ਹੀ ਨੂੰ ਵਕੀਲਾਂ ਖਾਧਾ
ਸਾਉਣੀ ਤੇਰੀ ਸ਼ਾਹਾਂ ਲੁੱਟ ਲੀ
1123
ਚਿੱਟੇ ਚਾਦਰੇ ਜ਼ਮੀਨਾਂ ਗਹਿਣੇ
ਪੁੱਤ ਸਰਦਾਰਾਂ ਦੇ
1124
ਹਾੜ੍ਹੀ ਵੱਢ ਕੇ ਚਰ੍ਹੀ ਨੂੰ ਜਾਣਾ
ਜੱਟ ਦੀ ਜੂਨ ਬੁਰੀ
1125
ਡੁੱਬ ਜਾਣ ਘਰਾਂ ਦੀਆਂ ਗਰਜਾਂ
ਲੌਂਗ ਕਰਾਉਣਾ ਸੀ

1126
ਤੇਰੀ ਚੰਦਰੀ ਨੀਤ ਨੂੰ ਕੁੜੀਆਂ
ਘਰ ਘਰ ਪੁੱਤ ਜੰਮਦੇ

1127
ਲੋਈ ਵੇਚ ਕੇ ਸੰਗਤਰੇ ਲਿਆਇਆ
ਖਾਤਰ ਪੁੰਨਾ ਦਈ ਦੀ

1128
ਯਾਰੀ ਤੋੜ ਗਏ ਬੱਕਰੀਆਂ ਵਾਲੇ
ਪੰਜਾਂ ਦੇ ਤਵੀਤ ਬਦਲੇ

1129
ਪੰਜਾਂ ਦੇ ਤਵੀਤ ਬਦਲੇ
ਮੁੰਡਾ ਛੱਡ ਗਿਆ ਗਲ਼ੀ ਦਾ ਖਹਿੜਾ

1130
ਦਾਣੇ ਚੱਬ ਕੇ ਰੰਡੀ ਨੇ ਪੁੱਤ ਪਾਲ਼ਿਆ
ਢਾਂਗੇ ਵਾਲ਼ਾ ਲੈ ਗਿਆ ਪੱਟ ਕੇ

1131
ਲਾਮਾਂ ਲੱਗੀਆਂ ਪੁਆੜੇ ਪਾਏ
ਭੁੱਖ ਨੰਗ ਵਰਤ ਗਈ

1132
ਬਾਣੀਆਂ ਨੇ ਅੱਤ ਚੱਕ ਲੀ
ਸਾਰੇ ਜੱਟ ਕਰਜ਼ਾਈ ਕੀਤੇ

• •

ਜੱਟਾ ਤੇਰੀ ਜੂਨ ਬੁਰੀ
ਸੁੱਕੀ ਰੋਟੀ ਤੇ ਛੱਪੜ ਦਾ ਪਾਣੀ

• •

ਗੱਡੇ ਭਰ ਕੇ ਕਪਾਹ ਦੇ ਵੇਚੇ
ਮਲਮਲ ਗਜ਼ ਨਾ ਮਿਲ਼ੀ

• •

ਰੱਬਾ ਜੱਟ ਦੀ ਜੂਨ ਨਾ ਪਾਈਂ
ਮਿੱਟੀ ਵਿਚ ਪਊ ਰੁਲ਼ਣਾ

• •

ਕਿਹੜੇ ਰੱਬ ਦੇ ਕੀਰਨੇ ਪਾਵਾਂ
ਪਿੰਡ ਵਿਚ ਕਾਲ਼ ਪੈ ਗਿਆ

## ਸਤਨਾਜਾ

1133
ਜੱਗੋਂ ਜੱਟ ਦੇ ਕਬੂਤਰ ਚੀਨੇ
ਨਦੀਓਂ ਪਾਰ ਚੁਗਦੇ

1134
ਜੱਗਿਆ, ਤੂੰ ਪਰਦੇਸ ਗਿਆ
ਬੂਹਾ ਵੱਜਿਆ

1135
ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ
ਭੁਲ ਕੇ ਨਾ ਲਾਉਂਦੀ ਅੱਖੀਆਂ

1136
ਜ਼ੋਰ ਸਰਦਾਰੀ ਦੇ
ਗੱਡੀ ਮੋੜ ਕੇ ਰੁਪਾਲੋਂ ਬਾੜੀ

1137
ਨਾ ਮਾਰੀਂ ਵੇ ਦਲੇਲ ਗੁੱਜਰਾ
ਮੈਂ ਲੋਪੋਂ ਦੀ ਸੁਨਿਆਰੀ

1138
ਹੱਡ ਪਰਤਾਪੀ ਦੇ
ਬਾਰ ਬਟਣ ਨੇ ਟੋਹਲੇ

1139
ਪੂਰਨਾ, ਨਾਈਆਂ ਨੇ ਵਢ੍ਹ ਸੁੱਟਿਆ
ਜੱਗਾ ਸੂਰਮਾ

1140
ਜੱਗਾ ਜੰਮਿਆ ਤੇ ਮਿਲਣ ਵਧਾਈਆਂ
ਵੱਡਾ ਹੋ ਕੇ ਡਾਕੇ ਮਾਰਦਾ

1141
ਪੱਕੇ ਪੁਲਾਂ ਤੇ ਲੜਾਈਆਂ ਹੋਈਆਂ
ਛਬ੍ਹੀਆਂ ਦੇ ਕਿਲ ਟੁੱਟਗੇ

1142
ਡਾਂਗ ਜੱਟਾਂ ਦੀ ਖੜਕੇ
ਨਾਈਆਂ ਦੀ ਨੈਣ ਬਦਲੇ

1143
ਪਾਣੀ ਰੰਡੀ ਦੇ ਖੇਤ ਨੂੰ ਜਾਵੇ
ਲੰਬੜਾਂ ਦਾ ਖੂਹ ਚਲਦਾ

1144
ਰੱਬ ਵੀ ਨੇਕੀ ਦੇ
ਰਾਹ ਵਿਚ ਰੋੜ ਵਛਾਵੇ

1145
ਕਾਹਨੂੰ ਜੰਮਿਆ ਸੀ ਮਰਦ ਨਕੰਮਿਆਂ
ਤੇਰੀ ਥਾਂ ਇੱਟ ਜੰਮਦੀ

1146
ਗੋਜਰੇ ਤੋਂ ਜਾਣ ਵਾਲ਼ੀਏ
ਕਿੱਥੇ ਭਾਲੇਂਗੀ ਠੰਡਾ ਜਲ ਪਾਣੀ

1147
ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੇ
ਐਡਾ ਸਾਡਾ ਕਿਹੜਾ ਦਰਦੀ

1148
ਤੇਰੀ ਨਾੜ ਮੱਥੇ ਦੀ ਟਪਕੇ
ਪੱਟੀਆਂ ਕਿਸ ਗੁੰਦੀਆਂ

1149
ਪਾਣੀ ਤੇਰਿਆਂ ਹੱਥਾਂ ਦਾ ਪੀਣਾ
ਮੇਰੀ ਭਾਵੇਂ ਲੱਤ ਟੁੱਟ ਜੇ

1150
ਕਿਤੇ ਯਾਰਾਂ ਨੂੰ ਭੜਾ ਕੇ ਮਾਰੂ
ਚੰਦ ਕੁਰ ਚੱਕਵਾਂ ਚੁੱਲ੍ਹਾ

1151
ਨਿੱਤ ਦਾ ਕਲੇਸ਼ ਮੁੱਕ ਜੂ
ਕਹਿਦੇ ਬੁੜ੍ਹੇ ਨੂੰ ਬਾਬਾ

1152
ਬਾਬੇ ਤੇ ਕੰਧ ਨਾ ਡਿਗੇ
ਤੂੰ ਕਿੱਥੇ ਡਿਗੇਂ ਮੁਟਿਆਰੇ

1153
ਚਟਕ ਚੋਬਰਾਂ ਵਾਲ਼ੀ
ਪੈ ਗੀ ਬੁਢੜੇ ਨੂੰ

1154
ਝੋਟਾ ਚੋ ਲਿਆ
ਚਰ੍ਹੀ ਦੀ ਪੂਲ਼ੀ ਪਾ ਕੇ

1155
ਡੁੱਬੀ ਸਣੇ ਕੱਪੜੇ
ਨਹੀਂ ਬੇੜਾ ਹੋ ਗਿਆ ਪਾਰ

1156
ਸੁੱਖ ਨੀ ਸੌਣਗੇ ਮਾਪੇ
ਨੰਦ ਕਰ ਨਾਉਂ ਰੱਖ ਕੇ

1157
ਚੰਨ ਗੋਰੀਆਂ ਰੰਨਾਂ ਦੇ ਪੱਟ ਵੇਖੇ
ਸੂਰਜ ਤਪ ਕਰਦਾ

1158
ਨਿਆਣੀ ਉਮਰੇ ਮਰਗੇ ਜਿਨ੍ਹਾਂ ਦੇ ਮਾਪੇ
ਪੱਤਣਾਂ ਤੇ ਰੋਣ ਖੜੀਆਂ

1159
ਭਾਈ ਜੀ ਦੇ ਗੜਬੇ ਦਾ
ਮਿਸ਼ਰੀ ਵਰਗਾ ਪਾਣੀ

1160
ਸੌਣ ਵੀਰ ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ

1161
ਪੂਰ ਬੇੜੀ ਦਾ ਤ੍ਰਿੰਜਣ ਦੀਆਂ ਸਖੀਆਂ
ਸਬੱਬ ਨਾਲ਼ ਹੋਣ ਕੱਠੀਆਂ

1162
ਤੀਆਂ ਤੀਜ ਦੀਆਂ
ਭਾਦੋਂ ਦੇ ਮੁਕਲਾਵੇ

1163
ਭਾਦੋਂ ਕਟਕ ਚੜ੍ਹੀ
ਕੁੜੀਆਂ ਦੇ ਪੈਣ ਵਿਛੋੜੇ

1164
ਭਾਵੇਂ ਮੱਚ ਜੇ ਤਵੇ 'ਤੇ ਰੋਟੀ
ਜਾਂਦੇ ਦੀ ਪਿੱਠ ਦੇਖਣੀ
1165
ਰੰਗ ਚੋ ਕੇ ਪਰਾਤ ਵਿਚ ਪੈ ਗਿਆ
ਧੁੱਪ 'ਚ ਪਕਾਈਆਂ ਰੋਟੀਆਂ
1166
ਨਵੀਆਂ ਵਿਆਹੀਆਂ ਦੇ
ਘਰ ਪੁੱਛਦੇ ਸੰਧਾਰਿਆਂ ਵਾਲ਼ੇ
1167
ਲਿਖੀਆਂ ਲੇਖ ਦੀਆਂ
ਭੋਗ ਲੈ ਮਨਾ ਚਿੱਤ ਲਾ ਕੇ
1168
ਬੁਰੀਆਂ ਹੁੰਦੀਆਂ ਮਤੇਈਆਂ ਮਾਵਾਂ
ਗੋਦੀ ਵਿਚੋਂ ਕੱਢ ਦਿੰਦੀਆਂ
1169
ਜੱਕਾ ਨਿਕਲਿਆ ਤਸੀਲੋਂ ਖਾਲੀ
ਭਬਕੇ ਨੂੰ ਕੈਦ ਬੋਲਗੀ
1170
ਜੱਟ ਦਾ ਪੁੱਤ ਗੱਭਰੂ
ਮੈਨੂੰ ਭਬਕੇ ਬਾਅਝ ਨਾ ਬੋਲੇ
1171
ਦੁੱਲੇ ਦੀਏ ਬਾਰੇ
ਵੱਸਦੀ ਉਜੜੇਂਗੀ
1172
ਕੌਣ ਜੰਮਿਆ ਨਵੇੜਨ ਵਾਲ਼ਾ
ਝਗੜੇ ਮਿੱਤਰਾਂ ਦੇ
1173
ਤੇਰੇ ਮੇਰੇ ਪਿਆਰ ਦੀਆਂ
ਗੱਲਾਂ ਹੋਣ ਸੰਤਾਂ ਦੇ ਡੇਰੇ
1174
ਮੇਰੇ ਦੁਖਦੇ ਕੰਨਾਂ ਤੇ ਮਾਰੀ
ਟੁਟ ਜੇ ਬੈਂਤ ਦੀ ਛਟੀ

1175
ਪੱਟ ਬੱਗੀਆਂ ਬੋਤਲਾਂ ਵਰਗੇ
ਤੇਰੇ ਨਾ ਪਸੰਦ ਮੁੰਡਿਆ
1176
ਤੇਰੇ ਸਾਹਮਣੇ ਬੈਠ ਕੇ ਰੋਣਾ
ਦੁੱਖ ਤੈਨੂੰ ਨਹੀਂ ਦੱਸਣਾ
1177
ਕਿਹੜੇ ਯਾਰ ਨੇ ਚਬਾਈਆਂ ਹੋਲ਼ਾਂ
ਬੁੱਲ੍ਹਾਂ ਤੇ ਸੁਆਹ ਜੰਮਗੀ
1178
ਮੇਰੀ ਘੱਗਰੀ ਨੇ ਲੀਕਾਂ ਲਾਈਆਂ
ਚੰਗੀ ਭਲੀ ਕੰਧ ਟੱਪਗੀ
1179
ਜੱਟੀਆਂ ਨੇ ਜੱਟ ਕਰ ਲੇ
ਰੰਡੀ ਬਾਹਮਣੀ ਕਿਧਰ ਨੂੰ ਜਾਵੇ
1180
ਦਿਲ ਡੋਲੇ ਖਾਂਦਾ ਜੀ
ਹਰੀਆਂ ਦੇਖ ਕੇ ਲੋਈਆਂ
1181
ਕੋਈ ਲੂਣ ਘੋਟਣਾ ਮਾਰੂ
ਗਲ਼ੀਆਂ ਦਾ ਖਿਹੜਾ ਛੱਡ ਦੇ
1182
ਕਾਲ਼ੇ ਕੋਲ ਮੰਜਾ ਨੀ ਡਾਹੁਣਾ
ਲਿਸ਼ਕੇ ਤੇ ਪੈ ਜੂ ਬਿਜਲੀ
1183
ਚਰਖੇ ਦੀ ਗੂੰਜ ਸੁਣ ਕੇ
ਜੋਗੀ ਉਤਰ ਪਹਾੜੋਂ ਆਇਆ
1184
ਮੌਜ ਸੁਨਿਆਰਾ ਲੈ ਗਿਆ
ਜੀਹਨੇ ਲਾਈਆਂ ਦੰਦਾਂ ਵਿਚ ਮੇਖਾਂ
1185
ਮਾਰੇ ਅੱਖੀਆਂ ਹੁਲਾਰੇ ਖਾਣ ਨੱਤੀਆਂ
ਵਸਦੀ ਨੂੰ ਪਟ ਚੱਲਿਆ

1186
ਕੁੜੀਆਂ ਘਰੋਂ ਕਢ੍ਹਾਈਆਂ
ਏਸ ਪਟ ਹੋਣੇ ਨੇ

1187
ਜਦੋਂ ਬਣ ਕੇ ਪਰਾਹੁਣਾ ਆਇਆ
ਹੱਟੀਆਂ ਤੇ ਗੱਲ ਤੁਰਪੀ

1188
ਸਿੱਧੀ ਸੜਕ ਸਿਆਲੀਂ ਜਾਵੇ
ਮੋੜ ਉਤੇ ਘਰ ਹੀਰ ਦਾ

1189
ਪਿੱਛੋਂ ਜਗ ਦਾ ਉਲਾਂਭਾ ਲਾਹਿਆ
ਤੁਰ ਗਈ ਖੇੜਿਆਂ ਨੂੰ

1190
ਕਹਿ ਦੋ ਚੂਚਕ ਨੂੰ
ਤੇਰੀ ਹੀਰ ਬਟਣਾ ਨੀ ਮਲਦੀ

1191
ਕਾਣੇ ਸੈਦੇ ਦੀ
ਮੈਂ ਬਣਨਾ ਨੀ ਗੋਲੀ

1192
ਐਵੇਂ ਨਿੱਕੀ ਨੂੰਹ ਦੀਆਂ ਸਿਫਤਾਂ
ਘਿਓ ਨੇ ਬਣਾਈਆਂ ਤੋਰੀਆਂ

1193
ਮੈਨੂੰ ਮਾਰੀਂ ਨਾ ਜੁਗਿੰਦਰਾ ਚਾਚਾ
ਸੌਹਰੀਂ ਜਾ ਕੇ ਖੰਡ ਪਾਊਂਗੀ

1194
ਕੀ ਲਗਦੇ ਸੰਤੀਏ ਤੇਰੇ
ਜਿਨ੍ਹਾਂ ਨੂੰ ਰਾਤੀਂ ਖੰਡ ਪਾਈ ਸੀ

1195
ਕੁੰਡਾ ਖੋਹਲ ਕੇ ਬੜਾ ਪਛਤਾਈ
ਸੱਸ ਮੇਰੀ ਜਾਗਦੀ ਪਈ

1196
ਚਿੱਟਾ ਚਾਦਰਾ ਮੱਕੀ ਨੂੰ ਗੁੱਡ ਦੇਵੇ
ਮਲਮਲ ਵੱਟ ਤੇ ਖੜੀ

1197

ਲੱਲੂ ਬੱਗੂ ਦਾ ਸੋਗ ਨੀ ਕਰਨਾ
ਇਕ ਪਿੰਡ ਤਿੰਨ ਮਰ ਗੇ

1198

ਕਿਥੋਂ ਕੁੜਤੀ ਛੀਂਟ ਦੀ ਪਾਈ
ਦਸ ਖਾਂ ਭਰਾਵਾਂ ਪਿੱਟੀਏ

1199

ਕਿੱਥੇ ਕਟਿਆ ਦੁਪਹਿਰਾ ਵੀਰਾਂ ਪਿੱਟੀਏ
ਹਾਲ਼ੀਆਂ ਨੇ ਹਲ਼ ਥੰਮਤੇ

1200

ਬੀਬੀ ਪੜ੍ਹਦੀ ਗੁਰਾਂ ਦੀ ਬਾਣੀ
ਊੜਾ ਐੜਾ ਘਟ ਜਾਣਦੀ

1201

ਕਾਲ਼ੀ ਛਤਰੀ ਨਹਿਰ ਦੀ ਪਟੜੀ
ਬੰਗਲੇ 'ਚੋਂ ਮੇਮ ਨਿਕਲ਼ੀ

1202

ਲੰਬੀਆਂ ਨੇ ਕੰਧ ਲਿਪ ਲੀ
ਮਧਰੀ ਭਾਲਦੀ ਪੌੜੀ

1203

ਕੀਹਦੇ ਵੱਸੇਂਗੀ ਬਦਕਾਰੇ
ਨੌਕਰ ਤਿੰਨ ਕਰ ਲੇ

1204

ਕਵਾਰਾ ਰਹਿੰਦਾ ਚੰਗਾ
ਨਹੀਂ ਦੁੱਖ ਪੈਣਗੇ

1205

ਦਾਦਾ ਦੇ ਦੰਦਾਂ ਦੀ ਦਾਰੂ
ਦਾਦੀ ਦੇ ਦੰਦ ਦੁਖਦੇ

1206

ਹਿੱਕ ਸੜ ਕੇ ਖੰਘਰ ਅਜ ਹੋਈ
ਲੰਘ ਗਈ ਘੁੰਡ ਕੱਢ ਕੇ

1207

ਮੁੰਡਾ ਮੇਰਾ ਤੇ ਮੁੜੰਗਾ ਪੈਂਦਾ ਤੇਰਾ
ਵੇ ਡੰਡੀ ਡੰਡੀ ਜਾਣ ਵਾਲ਼ਿਆ

1208
ਮੁੰਡਾ ਭੂਰੀਆਂ ਮੁੱਛਾਂ ਨੂੰ ਵੱਟ ਦੇਵੇ
ਵਿਚ ਖੜਾ ਮੋਰੀਆਂ ਦੇ

1209
ਜੇ ਤੂੰ ਹੋਵੇਂ ਪਿੰਡ ਦੀ ਕੁੜੀ
ਤੇਰੀ ਚਟਣੀ ਬਣਾ ਕੇ ਖਾਵਾਂ

1210
ਵੇ ਮੈਂ ਹੌਲਦਾਰ ਦੀ ਸਾਲ਼ੀ
ਕੈਦ ਕਰਾਦੂੰ ਗੀ

1211
ਗੌਰਮਿੰਟ ਕਨੂੰਨ ਨਵੇਂ ਬਣਾਏ
ਕੈਦ ਕਰਾਦੂੰ ਗੀ

1212
ਚੱਕੀ ਛੁੱਟ ਗੀ ਤਵੇ ਨੇ ਛੁਟ ਜਾਣਾ
ਰਾਜ ਹੋ ਗਿਆ ਤੀਮੀਆਂ ਦਾ

1213
ਵੇ ਮੈਂ ਪਤਲੀ ਚੱਕੀ ਦਾ ਪੁੜ ਭਾਰੀ
ਦਿਓਰਾ ਹੱਥ ਪਾਈਂ ਆਣ ਕੇ

1214
ਤੈਨੂੰ ਹੱਥ ਨਾ ਕਿਸੇ ਨੇ ਹੁਣ ਲਾਉਣਾ
ਆ ਗਿਆ ਖਰਾਸ ਚੱਕੀਏ

1215
ਆਟਾ ਪਿਸਦਾ ਖਰਾਸ ਉੱਤੇ ਚੱਜਦਾ
ਦਾਲ਼ਾਂ ਜੋਗੀ ਰਹਿ ਗੀ ਚੱਕੀਏ

1216
ਦਾਣੇ ਲਦ ਕੇ ਘਰਾਟ ਉੱਤੇ ਲੈ ਜਾ
ਚੱਕੀ ਤੋੜ ਕਰਾਂ ਡਕਰੇ

1217
ਸਾਡਾ ਖੌਸੜਾ ਚੱਕੀ ਨੂੰ ਹੱਥ ਲਾਵੇ
ਗੋਜਰੇ ਮਸ਼ੀਨ ਚਲ਼ਦੀ

1218
ਜੇ ਮੈਂ ਜਾਣਦੀ ਚੱਕੀ ਦਾ ਪੁੜ ਭਾਰੀ
ਨਿੱਕੀ ਹੁੰਦੀ ਡੰਡ ਕੱਢਦੀ

1219
ਮਾਲ ਗ਼ਰੀਬਾਂ ਦਾ
ਖੋਹ ਜ਼ੋਰਾਵਰ ਲੈਂਦੇ
1220
ਹੋ ਕੇ ਸ਼ਰਾਬੀ ਜਾਣਾ
ਘਰ ਭਗਵਾਨੋ ਦੇ
1221
ਸਹੁਰੇ ਕੈਦ ਕੱਟੀ
ਨਾ ਚੋਰੀ ਨਾ ਡਾਕਾ
1222
ਅੱਖ ਬਾਲ੍ਹੋ ਨੇ ਇਸ ਤਰ੍ਹਾਂ ਮਾਰੀ
ਮਿਤਰਾਂ 'ਚ ਡਾਂਗ ਚੱਲ ਪੀ
1223
ਹੈਂਸਿਆਰੀਏ ਤਰਸ ਨਾ ਆਇਆ
ਛੋੜਿਆਂ ਗ਼ਰੀਬ ਜਾਣ ਕੇ
1224
ਤੀਆਂ ਵੇ ਲਵਾਉਣ ਵਾਲਿਆ
ਤੇਰਾ ਵਿਚ ਸੁਰਗਾਂ ਦੇ ਵਾਸਾ
1225
ਬਣ ਜਾ ਗੁਰਾਂ ਦੀ ਚੇਲੀ
ਨੱਚਣਾ ਸਖਾਦੂੰ ਗੀ
1226
ਵੰਡ ਦੇ ਗੁੜ ਦੀ ਭੇਲੀ
ਨੱਚਣਾ ਸਖਾ ਦੂੰ ਗੀ
1227
ਗੇੜਾ ਦੇ ਜੱਟੀਏ
ਕੋਹਲੂ ਵਰਗੀ ਤੂੰ
1228
ਤੇਰੇ ਪੈਰ ਨੱਚਣ ਨੂੰ ਕਰਦੇ
ਨੱਚਦੀ ਕਾਹਤੋਂ ਨੀ
1229
ਨੱਚ ਕਲਬੂਤਰੀਏ
ਦੇ ਦੇ ਸ਼ੌਂਕ ਦਾ ਗੇੜਾ

1230
ਨੱਚ ਲੈ ਬਸੰਤ ਕੁਰੇ
ਨਿੱਤ ਨਿੱਤ ਨੀ ਭਾਣਜੇ ਵਿਆਹੁਣੇ

1231
ਜੀਜਾ ਵਾਰ ਕੇ ਦੁਆਨੀ ਖੋਟੀ
ਕੁੜੀਆਂ 'ਚ ਲਾਜ ਰੱਖ ਲੈ

1232
ਬਾਹਮਣੀ ਲਕੀਰ ਕਢੂਗੀ
ਮੇਲ਼ ਨੀ ਜੱਟਾਂ ਦੇ ਆਉਣਾ

1233
ਸੌਣ ਦਿਆ ਬੱਦਲਾ ਵੇ
ਮੁੜ ਮੁੜ ਹੋ ਜਾ ਢੇਰੀ

1234
ਚੰਦਰਾ ਗਵਾਂਢ ਨਾ ਹੋਵੇ
ਲਾਈ ਲੱਗ ਨਾ ਹੋਵੇ ਘਰ ਵਾਲ਼ਾ

1235
ਦੁੱਧ ਪੁੱਤ ਨਾ ਹੱਟਾਂ ਤੇ ਵਿਕਦੇ
ਇਜ਼ਤਾਂ ਦਾ ਮੁੱਲ ਕੋਈ ਨਾ

1236
ਪਾਣੀ ਵਿਕਦਾ ਨੰਦ ਕੁਰੇ ਤੇਰਾ
ਸਾਡਾ ਏਥੇ ਦੁੱਧ ਨਾ ਵਿਕੇ

1237
ਜੀਹਦੀ ਬਾਂਹ ਫੜੀਏ
ਸਿਰ ਦੇ ਨਾਲ਼ ਨਭ੍ਹਾਈਏ

1238
ਵਿਛੇ ਵਛਾਉਣੇ ਛੱਡ ਗੀ
ਨੀ ਮਾਂ ਦੀਏ ਮੋਰਨੀਏਂ

1239
ਖੱਟ ਤੇ ਲੱਗ ਜੂ ਪਤਾ
ਕੀ ਦੇਣਗੇ ਕੁੜੀ ਦੇ ਮਾਪੇ

1240
ਮੈਂ ਜਾਣਾ ਮੇਲੇ ਨੂੰ
ਬਾਪੂ ਜਾਊਂਗਾ ਬਣਾ ਕੇ ਟੋਲੀ

1241
ਚਲ ਚੱਲੀਏ ਜਰਗ ਦੇ ਮੇਲੇ
ਮੁੰਡਾ ਤੇਰਾ ਮੈਂ ਚੱਕ ਲੂੰ

1242
ਚੰਦਰੀ ਦੇ ਲੜ ਲੱਗ ਕੇ
ਛੁੱਟ ਗਿਆ ਜਰਗ ਦਾ ਮੇਲਾ

1243
ਇਕ ਜੈਤੋ ਮੰਡੀ ਲੱਗਦੀ
ਇਕ ਲਗਦਾ ਛਪਾਰ ਦਾ ਮੇਲਾ

1244
ਤੇਰੀ ਚੱਕਲਾਂ ਕੁੜੀ ਨੂੰ ਗੋਦੀ
ਤੈਨੂੰ ਲਾਵਾਂ ਨਾਲ਼ ਹਿੱਕ ਦੇ

1245
ਤੇਰੀ ਹਾੜ੍ਹੀ ਨੂੰ ਵਕੀਲਾਂ ਖਾਧਾ
ਸਾਉਣੀ ਤੇਰੀ ਸ਼ਾਹਾਂ ਲੁੱਟ ਲੀ

1246
ਖੂਹਾਂ ਟੋਭਿਆਂ ਤੇ ਮਿਲਣੋਂ ਰਹਿ ਗੀ
ਚੰਦਰੇ ਲਵਾ ਲਏ ਨਲ਼ਕੇ

1247
ਜੱਕੇ ਵਾਲਿਆ ਜੱਕੇ ਨੂੰ ਤੋਰ ਵੇ
ਬਾਰਾਂ ਬਜਦੇ ਨੂੰ ਪੇਕੇ ਜਾਣਾ

1248
ਮੇਰੇ ਜੱਕੇ ਨੇ ਮੜਕ ਨਾਲ਼ ਤੁਰਨਾ
ਐਡੀ ਕਾਹਲੀ ਰੇਲ ਚੜ੍ਹ ਜਾ

1249
ਚੜ੍ਹ ਜਾ ਰਾਤ ਦੀ ਗੱਡੀ
ਜਿਹੜੀ ਧੁਰ ਸ਼ਿਮਲੇ ਨੂੰ ਜਾਵੇ

1250
ਜਿਹੜੇ ਕਹਿੰਦੇ ਸੀ ਮਰਾਂਗੇ ਨਾਲ਼ ਤੇਰੇ
ਚੜ੍ਹਗੇ ਓਹ ਰਾਤ ਦੀ ਗੱਡੀ

1251
ਗੱਡੀ ਸਰਸੇ ਮੇਲ ਦੀ ਚੜ੍ਹ ਜਾ
ਜੇ ਤੈਂ ਜਾਣਾ ਸੁਰਗਾਂ ਨੂੰ

1252
ਸਹੁੰ ਗਊ ਦੀ ਝੂਠ ਨਾ ਬੋਲਾਂ
ਸੁਰਗ ਪੁਚਾਦੂ ਗੀ
1253
ਮੈਨੂੰ ਛੋਟਾ ਜਿਹਾ ਬੰਬਾ ਨਾ ਜਾਣੀਂ
ਬਣ ਜਾਊਂ ਨ੍ਹੇਰੀ ਦਾ ਬੁੱਲ੍ਹਾ
1254
ਜੇ ਵਾ ਸੁਰਗਾਂ ਦੀ ਲੈਣੀ
ਬਠਿੰਡੇ ਵਾਲ਼ੀ ਰੇਲ ਚੜ੍ਹ ਜਾ
1255
ਏਸ ਡਾਕ ਨੇ ਬਠਿੰਡੇ ਜਾਣਾ
ਮੋੜ ਉੱਤੇ ਘਰ ਜਾਰ ਦਾ
1256
ਜਿਥੇ ਬਿਜਲੀ ਕਿਲੇ ਵਿਚ ਮੱਚਦੀ
ਚਲ ਦੇਖ ਰਾਤ ਦੀ ਗੱਡੀ
1257
ਰੇਲ ਕੋਟਕਪੂਰੇ ਨੂੰ ਜਾਂਦੀ
ਇਕ ਜਾਂਦੀ ਬੰਨੂਆਣੇ ਨੂੰ
1258
ਰੋਂਦੀ ਦਿੱਲੀ ਨੂੰ ਗੱਡੀ ਨਾ ਜਾਵੇ
ਧੱਕਾ ਲਾ ਕੇ ਗਾਡ ਦੇਖਦਾ
1259
ਨਾਭੇ ਦੀ ਕੰਜਰੀ ਨੇ
ਭੰਨਤਾ ਰੇਲ ਦਾ ਸ਼ੀਸ਼ਾ
1260
ਮਰ ਜਾਏਂ ਰੇਲ ਗੱਡੀਏ
ਸਾਡੇ ਜਾਰ ਦਾ ਵਿਛੋੜਾ ਪਾਇਆ
1261
ਅੱਗ ਲਗਜੇ ਬਠਿੰਡੇ ਵਾਲ਼ੀ ਰੇਲ ਨੂੰ
ਅਸੀਂ ਕਿਹੜਾ ਉੱਤੇ ਚੜਨੈ
1262
ਬੋਲੀਆਂ ਦਾ ਪੁਲ਼ ਬੰਨ੍ਹਦਾਂ
ਮੈਥੋਂ ਜਗ ਜਿੱਤਿਆ ਨਾ ਜਾਵੇ

1263
ਬੋਲੀਆਂ ਦੀ ਸੜਕ ਬੰਨ੍ਹਾਂ
ਜਿਥੇ ਜੱਕਾ ਚੱਲੇ ਸਰਕਾਰੀ

1264
ਬੋਲੀਆਂ ਦਾ ਪਾਵਾਂ ਬੰਗਲਾ
ਜਿਥੇ ਵੱਸਿਆ ਕਰੇ ਪਟਵਾਰੀ

1265
ਪਾਓ ਬੋਲੀਆਂ ਕਰੋ ਚਿੱਤ ਰਾਜ਼ੀ
ਮੱਚਦਿਆਂ ਨੂੰ ਮਚਣ ਦਿਓ

1266
ਸੀ.ਓ. ਸਾਹਿਬ ਨੇ ਅਰਦਲੀ ਲਾਇਆ
ਮੁੰਡਾ ਗੁਲਕੰਦ ਵਰਗਾ

1267
ਗੋਰੇ ਮੁੰਡੇ ਲੈਸ ਬਣ ਗੇ
ਕਾਲ਼ੇ ਮਰਗੇ ਫਟੀਕਾਂ ਕਰਦੇ

1268
ਰਫਲ ਮੇਗੀ ਦੀ ਗੋਲੀ
ਪੱਥਰਾਂ ਨੂੰ ਜਾਵੇ ਚੀਰ ਕੇ

1269
ਦੇਵਤੇ ਹੈਰਾਨ ਮੰਨਗੇ
ਪੈੜ ਲੰਗੜੇ ਰਿਸ਼ੀ ਦੀ ਜਾਵੇ

1270
ਪੈਂਦੇ ਸੱਪਾਂ ਦੀ ਸਿਰੀ ਤੋਂ ਨੋਟ ਚੁੱਕਣੇ
ਸੌਖੀ ਨਾ ਬਿੱਲੋ ਡਰਾਇਵਰੀ

1271
ਮੱਚ ਗੀ ਤੰਦੂਰ ਤੇ ਖੜੀ
ਜਦ ਵੇਖਿਆ ਰੰਡੀ ਦੇ ਘਰ ਬੜਦਾ

1272
ਤੈਨੂੰ ਝੱਲ ਝਿਮਣਾਂ ਦੀ ਮਾਰਾਂ
ਅੱਖੀਆਂ 'ਚ ਵਸ ਮਿੱਤਰਾ

1273
ਤੇਰੀ ਸੱਜਰੀ ਪੈੜ ਦਾ ਰੇਤਾ
ਚੁੱਕ ਚੁੱਕ ਲਾਵਾਂ ਹਿੱਕ ਨੂੰ

1274
ਕਿਹੜੇ ਯਾਰ ਦਾ ਗੁਤਾਵਾ ਕੀਤਾ
ਅੱਖ ਵਿਚ ਕੱਖ ਪੈ ਗਿਆ

1275
ਬੋਲੀਆਂ ਦਾ ਪੁਲ ਬੰਨ੍ਹਦਾਂ
ਮੈਥੋਂ ਜੱਗ ਜਿੱਤਿਆ ਨਾ ਜਾਵੇ

1276
ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ
ਗੱਡੀ ਐ ਸ਼ੁਕੀਨ ਜੱਟ ਦੀ

1277
ਆਪੇ ਹੀ ਮਰ ਜਾਣਗੇ
ਜਿਹੜੇ ਜੇਠ ਚਲਣਗੇ ਵਾਟ

1278
ਲੋਆਂ ਚਲਣ ਜੇਠ ਦੀ ਗਰਮੀ
ਟਿੱਬਿਆਂ ਦਾ ਪਾਣੀ ਸੁੱਕਿਆ

1279
ਤੂੰ ਬਾਹਮਣੀ ਮੈਂ ਸੁਨਿਆਰਾ
ਤੇਰੀ ਮੇਰੀ ਨਹੀਂ ਨਿਭਣੀ

1280
ਕਾਲ਼ੀ ਗਾਨੀ ਮਿੱਤਰਾਂ ਦੀ
ਰਾਤੀਂ ਟੁੱਟਗੀ ਨੀਂਦ ਨੀ ਆਈ

1281
ਕੋਈ ਨਾ ਕਿਸੇ ਦਾ ਬੇਲੀ
ਦੁਨੀਆ ਮਤਲਬ ਦੀ

1282
ਤੂੰ ਕੀ ਜਾਣੇਂ ਭੇਡੇ
ਤੋਰ ਸ਼ੁਕੀਨਣ ਦੀ

1283
ਦੋ ਪੈਰ ਘੱਟ ਤੁਰਨਾ
ਪਰ ਤੁਰਨਾ ਮੜਕ ਦੇ ਨਾਲ਼

1284
ਦਿਲ ਰੱਖੀਏ ਪਹਾੜਾਂ ਵਰਗਾ
ਮਸਤੀ ਸ਼ੇਰਾਂ ਦੀ

1285

ਡੋਰ ਵੱਟ ਕੇ ਗਲੇ ਵਿਚ ਪਾਵਾਂ
ਮਿੱਤਰਾ ਤਵੀਤ ਬਣ ਜਾ

1286

ਲੰਖੜਾਂ ਦੀ ਜੁੰਦ ਕੁਰ ਨੇ
ਸੁਰਮਾਂ ਮਹਿੰਗਾ ਕੀਤਾ

1287

ਲੱਦੀ ਜਾਨੈ ਕੜਬ ਦੇ ਟਾਂਡੇ
ਰਸ ਲੈ ਗਏ ਪਿੰਡ ਦੇ ਮੁੰਡੇ

1288

ਸੁੰਘਿਆ ਜੀ ਫੁੱਲ ਕਰਕੇ
ਯਾਰ ਰਮ ਗਿਆ ਹੱਡਾਂ ਵਿਚ ਮੇਰੇ

1289

ਮਾਪੇ ਤੈਨੂੰ ਘੱਟ ਰੋਣਗੇ
ਬਹੁਤੇ ਰੋਣਗੇ ਦਿਲਾਂ ਦੇ ਜਾਨੀ

1290

ਮਰਦੀ ਨੇ ਅੱਕ ਚੱਬਿਆ
ਹਾਰ ਕੇ ਬੁੜ੍ਹੇ ਨਾਲ਼ ਲਾਈਆਂ

1291

ਕੋਠੇ ਕੋਠੇ ਆ ਜਾ ਲੱਛੀਏ
ਤੈਨੂੰ ਬੰਤੋ ਦਾ ਯਾਰ ਦਖਾਵਾਂ

1292

ਕੂਲਾ ਮੁੰਡਾ ਰੰਨ ਵਰਗਾ
ਦਾੜ੍ਹੀ ਆਈ ਤੇ ਮਨੁੱਖ ਬਣ ਜਾਵੇ

1293

ਅੱਗ ਬਾਲ ਕੇ ਧੂੰਏਂ ਦੇ ਪਜ ਰੋਵਾਂ
ਦੁੱਖ ਮੈਨੂੰ ਸੱਜਣਾਂ ਦਾ

1294

ਤੂੰ ਕਿਹੜਿਆਂ ਰੰਗਾਂ ਵਿਚ ਖੇਲੇ
ਮੈਂ ਕੀ ਜਾਣਾ ਤੇਰੀ ਸਾਰ ਨੂੰ

1295

ਜਿਹੜੇ ਕਹਿੰਦੇ ਸੀ ਰਹਾਂਗੇ ਦੁੱਧ ਬਣ ਕੇ
ਪਾਣੀ ਨਾਲ਼ੋਂ ਪੈ ਗੇ ਪਤਲੇ

1296
ਪੱਲਾ ਮਾਰ ਕੇ ਬੁਝਾ ਗਈ ਦੀਵਾ
ਅੱਖ ਨਾਲ਼ ਗੱਲ ਕਰ ਗੀ

1297
ਬਾਰਾਂ ਮੱਸਿਆ ਦਿਆਲਪੁਰੇ ਨਹਾ ਲੈ
ਪੁੱਤ ਲੈ ਲਈਂ ਸੰਤਾਂ ਤੋਂ

1298
ਪੈਰੀਂ ਝਾਂਜਰਾਂ ਸੁੰਭਰਦੀ ਡੇਰਾ
ਸਾਧ ਕੋਲੋਂ ਪੁੱਤ ਮੰਗਦੀ

1299
ਬਾਬੇ ਨੇ ਬਾਂਹ ਫੜ ਲੀ
ਮੈਂ ਸ਼ਰਮ ਨਾਲ਼ ਮਰਦੀ ਜਾਵਾਂ

1300
ਕਾਹਨੂੰ ਮਾਰਦੈਂ ਚੰਦਰਿਆ ਛਮਕਾਂ
ਵੇ ਮੈਂ ਕੱਚ ਦੇ ਗਲਾਸ ਵਰਗੀ

1301
ਉਮਰ ਨਿਆਣੀ ਨੂੰ
ਪੈਗੇ ਮਾਮਲੇ ਭਾਰੀ

1302
ਰੁੱਖ ਬੋਲ ਨਾ ਸਕਦੇ ਭਾਵੇਂ
ਬੰਦਿਆਂ ਦਾ ਦੁੱਖ ਪੁੱਛਦੇ

1303
ਲੁੱਟ ਲਓ ਮੌਜ਼ ਬਹਾਰਾਂ
ਨੀ ਦਿਨ ਤੀਆਂ ਦੇ

1304
ਸਾਉਣ ਚੜ੍ਹੇ ਵੰਡਾਂ ਸ਼ੀਰਨੀ
ਭਾਦੋਂ ਚੜ੍ਹਦੀ ਨੂੰ ਅੱਗ ਲੱਗ ਜਾਵੇ

1305
ਤੇਰੀ ਜੀਭ 'ਤੇ ਭਰਿੰਡ ਲੜ ਜਾਵੇ
ਤੀਆਂ ਵੇ ਟਟਾਉਣ ਵਾਲਿਆ

1306
ਤੈਨੂੰ ਮਿਲੇ ਨਾ ਨਰਕ ਵਿਚ ਢੋਈ
ਤੀਆਂ ਨੂੰ ਹਟਾਉਣ ਵਾਲ਼ਿਆ

1307
ਅੱਜ ਰੋਣ ਪਿੱਪਲ ਦੇ ਡਾਹਣੇ
ਕੁੜੀਆਂ ਨੇ ਪੀਂਘ ਲਾਹ ਲਈ

1308
ਤੇਰੀ ਜੇਬ ਵਿਚ ਖੜਕਦੇ ਪੈਸੇ
ਹੱਥਾਂ ਨੂੰ ਕਰਾ ਦੇ ਚੂੜੀਆਂ

1309
ਕਪਾਹ ਵੇਚ ਕੇ ਕਰਾ ਦੂੰ ਡੰਡੀਆਂ
ਹੌਸਲਾ ਨਾ ਹਾਰੀਂ ਜੱਟੀਏ

1310
ਕੱਢਣਾ ਦਿੱਲੀ ਦਰਵਾਜ਼ਾ
ਪੱਚੀਆਂ ਦੀ ਲਿਆ ਦੇ ਲੌਗੜੀ

1311
ਅੱਗ ਲੱਗ ਜੇ ਕਰਾੜਾ ਤੇਰੀ ਹੱਟ ਨੂੰ
ਵਿਚੇ ਮੱਚੇ ਕਾਲ਼ੀ ਲੌਗੜੀ

1312
ਮੈਨੂੰ ਲੈ ਦੇ ਚੰਦਨ ਦਾ ਚਰਖਾ
ਕੱਤਦੀ ਦਾ ਚੂੜਾ ਛਣਕੇ

1313
ਮੁੰਡਾ ਜੱਟ ਦਾ ਚੰਦਨ ਦੀ ਗੇਲੀ
ਪਿੜਾਂ ਵਿਚ ਮੇਲ੍ਹਦਾ ਫਿਰੇ

1314
ਤੀਲੀ ਸਜੇ ਤਿੱਖੇ ਨੱਕ 'ਤੇ
ਚੂੜੀਆਂ ਗੋਰੀਆਂ ਬਾਹਾਂ ਦਾ ਗਹਿਣਾ

1315
ਘੁੰਡ ਵਿਚ ਅੱਗ ਮੱਚਦੀ
ਚੁੰਨੀ ਸਾੜ ਨਾ ਲਈਂ ਮੁਟਿਆਰੇ

1316
ਘੁੰਡ ਕੱਢਦੀ ਸ਼ੌਕ ਦੀ ਮਾਰੀ
ਝਾਕਾ ਦਿੰਦੀ ਛੜਿਆਂ ਨੂੰ

1317
ਜੁੱਤੀ ਲਗਦੀ ਹਾਣੀਆਂ ਮੇਰੇ
ਪੁੱਟ ਨਾ ਪੁਲਾਂਘਾਂ ਲੰਮੀਆਂ

1318
ਤੇਰੇ ਮਗਰ ਛਣਕਦੀ ਆਵਾਂ
ਜੁੱਤੀ ਨੂੰ ਲਵਾ ਦੇ ਘੁੰਗਰੂ

1319
ਤ੍ਰਿੰਜਣਾਂ 'ਚ ਹੋਣ ਸਿਫ਼ਤਾਂ
ਜੁੱਤੀ ਲੈ ਦੇ ਸਤਾਰਿਆਂ ਵਾਲੀ

1320
ਜੁੱਤੀ ਡਿੱਗ ਪੀ ਸਤਾਰਿਆਂ ਵਾਲੀ
ਨਿੱਜ ਤੇਰੇ ਬੋਤੇ 'ਤੇ ਚੜ੍ਹੀ

1321
ਓੜਕ ਨੂੰ ਮਰ ਜਾਣਾ
ਆਓ ਸਾਰੇ ਮੇਲੇ ਚੱਲੀਏ

1322
ਮੇਲਾ ਦੋ ਘੜੀਆਂ
ਰਲ ਕੇ ਦੇਖੀਏ ਸਾਰੇ

1323
ਨਾਲੇ ਧਾਰ ਕੱਢਾਂ ਨਾਲੇ ਰੋਵਾਂ
ਤੁਰ ਗਿਆ ਮਿਰਕਣ ਨੂੰ

1324
ਵੱਢ ਬੇਰੀਆਂ ਲਿਆ ਸੁੱਟ ਬਾੜੇ
ਤੇਰੀ ਮੇਰੀ ਇਕ ਜਿੰਦੜੀ

1325
ਕਿਹਾ ਪਾਲ਼ਿਆ ਕੁਲੱਛਣਾ ਬੋਤਾ
ਚੜ੍ਹਦੀ ਦੇ ਵੱਢੇ ਦੰਦੀਆਂ

1326
ਰੂਪ ਤਖਾਣੀ ਦਾ
ਜੀਹਨੂੰ ਦੇਖ ਕੇ ਨਸ਼ਾ ਚੜ੍ਹ ਜਾਵੇ

1327
ਬਣ ਕੇ ਮੋਰਨੀ ਜਾਈਏ
ਨੀ ਪਿੰਡ ਸਹੁਰਿਆਂ ਦੇ

1328
ਮੇਰੀ ਲੈ ਗਿਆ ਜੁਆਨੀ ਨਾਲ਼ੇ
ਉਠ ਗਿਆ ਮਿਰਕਣ ਨੂੰ

1329
ਸਹੁਰੀਂ ਰਹਿੰਦੀਆਂ ਜ਼ੋਰ ਨਾਲ ਭੈਣਾਂ
ਜਿਨ੍ਹਾਂ ਦੇ ਪਿੱਛੇ ਵੀਰ ਤਕੜੇ

1330
ਖੱਟੀ ਲੱਸੀ ਤੇ ਮੱਕੀ ਦਾ ਦਲ਼ੀਆ
ਚੁੱਪ ਕਰਕੇ ਖਾ ਲੈ ਵੀਰਨਾ

*

# ਅੰਤਿਕਾ

## ਸ਼ਬਦ ਅਨੁਕ੍ਰਮਣਿਕਾ


ੳ

ਉੱਖਲ਼ੀ—104, 120
ਉਮਰ—107, 152, 165
ਊਂਠ—35, 46, 49
ਊਂਠਣੀ—46

ਅ

ਅਮਰਵੇਲ—112
ਅਮਲੀ—71
ਅਰਦਲੀ—162
ਅਲਸੀ—39, 89, 128
ਆਸ਼ਕ—55, 75, 66, 68
ਆਹਲਣਾ—52
ਆਟਾ—157
ਆਂਡਾ—52
ਆਰਸੀ—85, 110
ਅੱਕ—33, 34, 164
ਅੱਖ—41, 52, 60, 69, 71, 78, 82, 83, 85, 86, 87, 108, 134, 143, 154, 158, 162, 165
ਅੱਗ—61, 62, 81, 90, 138
ਅੱਡੀ—109
ਅੱਲਾ—26
ਅੰਬ-31, 36, 39, 138
ਅੰਬੀਆਂ—31
ਅੰਬਰ—56
ਅੰਮ੍ਰਿਤ—23

ੲ

ਇਸ਼ਕ—66, 67
ਇੱਖ—39
ਇੱਟ—151
ਇੱਲ੍ਹ—52

ਸ

ਸਹੁਰਾ—82, 87, 126
ਸਖੀ—15, 32
ਸਧਨਾ—24
ਸਨਾਮ—35
ਸਰਸਾ—160
ਸਰੀਂਹ—34, 39, 40
ਸਰੂ—31, 68
ਸਰ੍ਹੋਂ—39, 40
ਸਲਾਮੀ—134
ਸਲੀਪਰ—51, 96
ਸਾਈਂ—85
ਸਾਗ—39, 49
ਸਾਧ—165
ਸਾਧੂ—74
ਸਿਰ—159
ਸਿਰ੍ਹਾਣਾ—24
ਸਿਰੀ—162
ਸਿਵੇ—83
ਸੀਸ—77
ਸੀਟੀ—70
ਸੀਨਾ—66

ਸੀਰੀ—83, 122
ਸੁਆਹ—154
ਸੁਆਮੀ—29
ਸੁਹਾਗਣ—85
ਸੁੱਥਣ—72, 128, 147
ਸੁਨਿਆਰੀ—36, 150
ਸੁਫਨਾ—67, 82, 155
ਸੁਰਗ—23, 37, 67, 77
ਸੁਰਮਾ—52, 85, 86, 143, 164
ਸੁਲ਼ਫ਼ੇ ਦੀ ਲਾਟ—61
ਸੂਰਜ—152
ਸੂਰਦਾਸ—33
ਸੇਵੀਆਂ—112
ਸੋਗ—126
ਸੋਨਚਿੜੀਆਂ—61
ਸੌਦਾ—22
ਸੱਸ—32, 36, 76, 79, 86, 111, 113, 124, 125, 126
ਸੱਗੀ ਫੁੱਲ—85, 87
ਸੱਚ—26
ਸੱਪ—55
ਸੱਪਣੀ—56
ਸੰਗਤ—24, 28, 29, 37
ਸੰਗਲ—24
ਸੰਤ—153, 165
ਸੰਤੀ—64
ਸੰਦੂਕ—32, 86, 87, 110, 126
ਸੰਧਾਰਾ—111, 153
ਸੰਧੂਰ—86
ਸੰਧੂਰੀ ਪੱਗ—82
ਸੰਨ੍ਹੀ—121
ਸਿੰਘ ਸਭੀਏ—144
ਸਿੰਬਲ—28
ਸ਼ਰਾਧ—144
ਸ਼ਰਾਬ—46
ਸ਼ਰੀਕ—122
ਸ਼ਿਮਲਾ—47, 48
ਸ਼ੀਸ਼ਾ—86, 134, 137

ਹ

ਹਰਮਲ—31
ਹਲ਼—121
ਹਵੇਲੀ—25, 26, 115
ਹਾਰਾ—77
ਹਾੜ੍ਹੀ—122, 148, 160
ਹਿੱਕ—162
ਹਿਚਕੀ—81
ਹਿਜ਼ਰ—77
ਹੀਆ—64
ਹੀਰ—73, 155
ਹੀਰਾ ਹਰਨ—45, 61
ਹੁਸਨ—63
ਹੋਲਾ—154
ਹੋੜਾ—29
ਹੌਲਦਾਰ—76, 157
ਹੱਟ—23
ਹੱਟੀ—59, 66, 67, 154
ਹੱਡ—27, 34, 71, 82, 120
ਹੱਡੀ—26, 77
ਹੰਸਣੀ—25, 27

ਕ

ਕਸਮ—68
ਕਸੂਰ—90
ਕਟਕ—152
ਕਣਕ—42, 43

ਕਪਾਹ—22, 40, 41, 138
ਕਬਰ—28
ਕਬੀਰ—24
ਕਬੂਤਰ—42, 52, 53, 150
ਕਬੂਤਰੀ—103
ਕਮਾਦ—39, 41
ਕਰੀਰ—32, 33, 34
ਕਰੇਲੇ—41
ਕਲਗੀ—23
ਕਲਿੱਪ—86
ਕਲੇਜਾ—69, 81
ਕੜਬ—164
ਕਾਂ—22
ਕਾਗ਼ਜ਼-ਕਾਗ਼ਤ—81, 77, 111
ਕਾਗੜੀ—113
ਕਾਟੋ—53
ਕਾਲ਼—49
ਕਾਲ਼ਾ ਨਾਗ—40
ਕਾਲ਼ੀ ਕੁੜਤੀ—115
ਕਾਲ਼ੀ—149
ਕਾਲਣ—144
ਕਿੱਕਰ—25, 26, 31, 32, 74, 78, 104, 130
ਕੀੜਾ—28
ਕੁਣਕਾ—144
ਕੁੱਲੀ—114
ਕੁੜਤੀ—36, 97, 147, 156
ਕੁੜਮ—106
ਕੁੜਮਣੀ—105, 106
ਕੂਕੇ—144
ਕੂੰਜ—53, 96
ਕੇਸ—25
ਕੈਂਠਾ—86, 90
ਕੈਦ—81
ਕੋਇਲ—52
ਕੋਹਲੂ—158
ਕੋਕਾ—86
ਕੋਠਾ—72
ਕੋਲੇ—25
ਕੌਲ—85
ਕੱਸੀ—104, 121
ਕੱਚੀ ਕੈਲ—73
ਕੱਤਣੀ—55, 62, 111, 129, 137, 139
ਕੱਦੂ—41
ਕੱਟਾ—50
ਕੱਲਰ—25
ਕੰਗਾਲ—68, 70
ਕੰਬਲੀ—87, 105
ਕੰਤ—81, 82, 120
ਕੰਧ—151

ਖ

ਖਰਬੂਜ਼ਾ—41
ਖਰਾਸ—49, 157
ਖਾਕ—26
ਖਿਲ—43, 44
ਖੀਰ—119
ਖੁੰਡਾ—70
ਖ਼ੁਦਾ—26
ਖੁਰ—50
ਖੁਰਾ—24
ਖੂਹ—41
ਖੇੜੇ—155
ਖੈਰ—29
ਖੱਟੀ—148

ਖੱਦਰ—71, 88, 97, 145
ਖੰਘਰ—156
ਖੇਡ—29, 50, 61, 69, 124, 125, 155

ਗ

ਗਊ—24
ਗਹਿਣਾ—50, 85, 107, 133
ਗਠੜੀ—114
ਗਤੀ—88, 32, 33, 150
ਗ਼ਮ—71, 82
ਗਰਦ—113
ਗ਼ਲ੍ਹ—37, 71
ਗਲ਼ੀ—71, 76
ਗੜਵਾ—50, 144, 152
ਗਾਨੀ—42
ਗੁਆਂਢਣ—75, 76, 119, 126
ਗੁਜਰੀ—49, 55
ਗੁੱਟ—92
ਗੁੱਤ—42, 55, 56, 62, 93
ਗੁਤਾਵਾ—163
ਗੁਰੂ—30
ਗੁਲਕੰਦ—162
ਗੁਲਾਬੀ ਝੋਨਾ—115
ਗੁੜ—66, 111, 114, 115, 158
ਗੋਦੀ—43, 69
ਗੱਠ—70
ਗੱਠੜੀ—108
ਗੱਡੀ—73, 78, 79, 110, 111, 119, 126
ਗੰਢੇ—41
ਗੰਦਲ—39, 41, 60
ਗੰਨੇ—39, 41, 60

ਘ

ਘਰਾਟ—157
ਘੜਾ—63, 144
ਘੜੀ—25, 27
ਘੁੰਗਰੂ—49, 93, 122, 141
ਘੁੰਡ—54, 62, 86, 87, 90, 99, 121, 131, 156, 167
ਘੁੱਦੂ—114
ਘੁਲਾੜੀ—115
ਘੋਟਣਾ—36, 126
ਘੋੜਾ—45, 75
ਘੋੜੀ—24, 45, 116
ਘੱਗਰਾ—87, 123
ਘੱਗਰੀ—155

ਚ

ਚਕਵਾਂ ਚੁੱਲ੍ਹਾ—151
ਚੱਕੀ—124, 129
ਚਟਕ—152
ਚਟਣੀ—157
ਚਰਖਾ—35, 54, 62, 63, 78, 122, 128, 144, 154, 166
ਚਰਖੀ—62
ਚਰ੍ਹੀ—41, 42, 107, 130, 131, 133, 148, 152
ਚਾਦਰਾ—41, 88, 89, 92, 141, 148, 151
ਚਿੱਠੀ—64, 80, 81, 111
ਚਿੱਤ—69, 73, 82, 83, 84, 153, 162
ਚਿਤਮਣੀ—69
ਚੀਰਾ—89, 131

ਚੁਗਲ—53
ਚੁਬਾਰਾ—60, 117, 123
ਚੁੰਨੀ—89
ਚੂਹੀ—45
ਚੂਚਕ—154
ਚੂੰਡਾ—93
ਚੂਰੀ—111
ਚੂੜਾ—88, 166
ਚੂੜੀਆਂ—88, 90, 166
ਚੋਗ—53
ਚੋਬਰ—152
ਚੋਬਰੀ—120
ਚੱਪਣੀ—138
ਚੰਦਨ—33, 106, 166
ਚੰਮ—27

ਛ

ਛਟੀ—32, 104, 153
ਛਤਰੀ—156
ਛੱਪਰੀ—24
ਛੱਪੜ—28, 56, 61, 86
ਛੱਪੜੀ—112
ਛਪਾਰ—160
ਛਮਕਾਂ—165
ਛਵੀ—150
ਛੜਾ—35, 44, 80, 90, 136, 137, 141
ਛਾਉਣੀ—80
ਛਾਤੀ—59
ਛੀਂਟ—56, 156
ਛੁਰੀ—81
ਛੇਕ—59
ਛੈਣੇ—93
ਛੋਪ—68
ਛੋਲੇ—42, 130
ਛੱਕ—108
ਛੱਜ—50
ਛੱਤਣ—108
ਛੱਲੀ—44
ਛੰਨਾ—112, 124

ਜ

ਜਗੀਰ—28
ਜਠਾਣੀ—130, 131, 132
ਜਠੇਰੇ—103
ਜਰਗ—62, 160
ਜਲੇਬੀ—159
ਜ਼ਮੀਂਦਾਰ—27
ਜਾਗ—76
ਜਾਗਟ—89
ਜਾਂਗੀਆ—49
ਜਾਤੂ—32
ਜਾਨ—71, 83
ਜਾਨੀ—164
ਜਿੰਦ—67, 69, 77
ਜਿੰਦੜੀ—66, 72, 82
ਜੀਜਾ—159
ਜੁਆਨੀ—63
ਜੁੱਤੀ—90, 96, 132, 163, 167
ਜੁਲਾਹਾ—24
ਜੂਹ—167
ਜੇਠ—32, 42, 36, 87, 130, 131, 132
ਜੈਤੋ—160
ਜੋਗੀ—55
ਜੋਬਨ—27, 64

ਜ਼ੋਰਾਵਰ—158
ਜੱਕਾ—46, 80
ਜੱਗਾ—150
ਜੱਟ—149, 150
ਜੱਜ—142
ਜੰਗ—179
ਜੰਞ—24
ਜੰਜੀਰੀ—89, 113
ਜੰਡ—33, 34

ਝ

ਝਾਕਾ—63
ਝਾਫਾ—168
ਝਾਂਜਰ—45, 47, 86, 90, 131,
138, 139, 142, 165
ਝਿਮਣ—162
ਝੁਮਕੇ—36, 90, 91
ਝੋਟਾ—152
ਝੋਰਾ—120
ਝੋਲੀ—29

ਟ

ਟਸਰੀ—116
ਟਾਹਲਾ—34
ਟਾਹਲੀ—35
ਟਾਕੀ—147
ਟਾਂਡੇ—164
ਟਿਕਟ—79
ਟਿੱਬੇ—63
ਟਿੰਡ—34
ਟੀਂਡੇ—40
ਟੁੱਕ—72, 115
ਟੇਸਣ—80, 148
ਟੇਕ—66
ਟੋਕਰਾ—115
ਟੋਡੀ—145
ਟੋਭਾ—160
ਟੋਲੀ—159

ਠ

ਠਾਣਾ—105
ਠਾਣੇਦਾਰ—45, 46, 90, 98,
109, 142

ਡ

ਡਲ਼ੀ—75, 112
ਡਰਾਈਵਰੀ—162
ਡਾਕੀਆ—81
ਡਾਕੇ—75
ਡਾਂਗ—86, 109, 142, 151
ਡੁਲ਼—26
ਡੋਲੇ—32
ਡੋਰ—164
ਡੋਰੀ—84, 93
ਡੋਰੀਆ—73, 97, 133
ਡੱਬ—43, 94, 97, 166
ਡੱਬੀ—67
ਡੱਬੀ ਕੁੱਤੀ—45, 46, 71
ਡੰਡੀ—156
ਡੰਡੀਆਂ—41, 46, 47

ਢ

ਢਿਡ—122
ਢੇਰੀ—25, 29
ਢੋਈ—166
ਢੋਲਾ—74

ਢੱਕਣ—43, 114

ਤ

ਤਖਾਣੀ—65
ਤਲੰਗਾ—80
ਤਵਾ—79, 153, 157
ਤਵੀਤ—48, 91, 137, 149
ਤਵੀਤੀਆਂ—140
ਤਾਪ—72
ਤਾਣਾ—24
ਤਾਰੋ—40
ਤਿਣ—65
ਤਿੱਤਰ—53
ਤਿੱਤਰੀ—39, 41
ਤ੍ਰਿੰਜਣ—68, 79, 82, 123, 128
ਤੀਆਂ—74
ਤੀਰਥ—27
ਤੀਲ੍ਹੀ—98, 99, 143
ਤੂਤ—32, 34
ਤੂੰਬਾ—66
ਤੋਤਾ—35, 40, 53
ਤੋਰੀਆਂ—154
ਤਪ—152
ਤੰਦ—63, 78
ਤੰਦੂਰ—162

ਥ

ਥਾਲ—71
ਥਾਲ਼ੀ—59
ਥਾਨ—71

ਦ

ਦਸੌਰੀ ਦਾਖਾ—26
ਦਹੀਂ—25
ਦਖਾਣ—118
ਦਰਗਾਹ—23
ਦਰਵਾਜ਼ਾ—66
ਦਲੀਆ—167
ਦਲੇਲ ਗੁੱਜਰ—150
ਦਾਖਾਂ—26
ਦਾਤਣ—36, 89
ਦਾਣੇ—44
ਦਾਤਾ—30
ਦਾਤੀ—122
ਦਾਰੂ—86
ਦਾਲ਼—140
ਦਾਲ਼ ਫੁਲਕਾ—59
ਦਾੜ੍ਹੀ—164
ਦਿਓਰ—49, 131, 133, 134, 157
ਦਿਲ—25
ਦਿੱਲੀ—161
ਦੁਆਬਾ—31
ਦੁਆਨੀ—147
ਦੁੱਖ—82
ਦੁੱਧ—129, 159, 164
ਦੁੱਲਾ—153
ਦੰਦ—89
ਦੰਮ—74, 104

ਧ

ਧਰਤੀ—23, 146
ਧਾਗਾ—24
ਧੁੱਪ—153
ਧੂਆਂ—81
ਧੂਰਕੋਟ—64

ਧੂੜ—47, 64
ਧੋਬੀ—120
ਧੌਲ਼ੇ—27, 119
ਧੌੜੀ—90
ਧੰਨਾ-24

ਨ

ਨਸੀਬ—64
ਨਸ਼ਾ—64, 65
ਨਹਿਰੂ—145
ਨਗੌਰੀ—49
ਨਘੋਚਣ—119
ਨਣਦ—39, 123, 127, 128, 129
ਨੱਤੀਆਂ—91, 92, 103, 108, 109
ਨਦੀ—154
ਨਨਕਾਣਾ—144
ਨਫ਼ਾ—119
ਨਲਕਾ—160
ਨਰਕ—166
ਨਰਮਾ—40, 90
ਨਾਈ—119, 151
ਨਾਗ—42
ਨਾਭਾ—64
ਨਾਮ—24, 29, 80
ਨਾਮਦੇਵ—24
ਨਾਰ—34
ਨਿਆਣੀ—152
ਨਿੰਬੂ—36
ਨਿੰਮ—35, 36, 53, 108, 126, 141
ਨੀਂਦ—66
ਨੀਰ—28, 83
ਨੇਤਰ—67
ਨੇਮ—68
ਨੰਦਕੁਰ—72

ਪ

ਪਊਏ—93
ਪਸ਼ੂ—27
ਪਹਾੜ—30, 67
ਪਹੁੰਚੀ—92
ਪਜਾਮਾ—48
ਪਟੋਲ੍ਹਾ—61
ਪਟਵਾਰੀ—32, 59, 85, 107, 136, 143
ਪਤਾਸੇ—22, 35, 58, 108
ਪਤੀਲਾ—150
ਪਤੰਗ—64
ਪਰਤਾਪੀ—150
ਪਰਾਹੁਣਾ—118, 141, 154
ਪਰਮੇਸ਼ਰ—27
ਪਰੌਂਠੇ—140
ਪਲੇਥਣ—116
ਪਾਂਡਾ—84
ਪਾਤਸ਼ਾਹ—24
ਪਾਵਾ—28, 35
ਪਿੰਗਲਾ—30
ਪਿੰਜਣੀ—118, 120
ਪਿੱਪਲ—36, 78, 166
ਪਿਪਲ ਪੱਤੀਆਂ—91, 115
ਪੀਹੜੀ—106
ਪੀਂਘ—35
ਪੰਨੂ—83
ਪੂਣੀਆਂ—55

ਪੂਲੀ—152
ਪੇਟੀ—110
ਪੈੜ—60, 162
ਪੌੜੀਆਂ—23, 130
ਪੱਟ—64, 93
ਪੱਤਣ—75
ਪੰਸੇਰੀ—63
ਪੰਘੂੜਾ—81

ਫ

ਫਟੀਕ—162
ਫਲ—28, 134
ਫਲੀਆਂ—112
ਫਰੰਗੀ—79, 80, 145
ਫੀਮ—71
ਫੁੱਫੜ—50
ਫੁਲਕਾ—42, 116
ਫੁਲ—25, 32, 34, 39, 40, 164
ਫੁਲਕਾਰੀ—94
ਫ਼ੌਜ—110

ਬ

ਬਸਰਾ—79, 80
ਬਖਤਾਵਰ—105
ਬਗਲਾ—54
ਬਟੇਰਾ—53
ਬਠਿੰਡਾ—161
ਬਚੋਲਾ—118
ਬਛੇਰੀ—116
ਬਘਿਆੜੀ—124
ਬਣ—108
ਬਣਾਂ—24, 32, 33, 35
ਬਣਵਾਸ—24
ਬਦੀ—72
ਬਨੇਰਾ—60
ਬਰੋਟਾ—36, 37
ਬਲਦ ਬੈਲ—48
ਬਲੋਚ—24
ਬਾਹਮਣ—83, 26
ਬਾਹਮਣੀ—154, 159
ਬਾਂਹ—25
ਬਾਂਕਾਂ—95
ਬਾਗ਼—31, 34
ਬਾਣੀਆਂ—36, 39, 41, 59, 148
ਬਾਬੂ—179
ਬਾਪੂ—103, 106
ਬਾਬਰੀਆਂ—83
ਬਾਬਲ—103, 104, 105, 106, 120
ਬਾਬਾ—151
ਬਾਣਾ—145
ਬਾਲੇ—94, 105
ਬਾਰਬਟਣ—151
ਬਾਜਰਾ—22, 43
ਬਾਜ—39, 53
ਬਾੜ—27
ਬੀਹੀ—62, 63, 90, 91, 94
ਬੂਹਾ—150
ਬੂਟਾ—114
ਬੂਟੀ—87
ਬੂਰੀ ਮੱਝ—50
ਬੇਰ—24, 28, 36, 37, 38
ਬੇਰੀ—28, 33, 34
ਬੇੜਾ—27, 38, 49
ਬੈਣ—75
ਬੈਂਤ—153

ਬੈਰਾਗਣ—24
ਬੈਲਣ—94
ਬੋਸਕੀ—97
ਬੋਹੜ—36
ਬੋਕਾ—144
ਬੋਤਾ—46, 47, 48, 112, 116, 167
ਬੋਤਲ—64
ਬੱਕਰਾ—50
ਬੱਕਰੀ—34, 37, 49, 50, 133
ਬੰਗਲਾ—109, 143, 156
ਬੰਦ—33, 94, 95, 147
ਬੰਦਗੀ—29
ਬੰਨੂਆਣਾ—161
ਬੱਲੀ—64

ਭ

ਭਗਤੀ—29
ਭਗਤ ਸਿੰਘ—145
ਭਤੀਜਾ—47, 115, 117
ਭਬਕਾ—153
ਭਰਿੰਡ—165
ਭਾਬੀ—37, 38
ਭਾਬੋ—115
ਭਾਦੋਂ—152
ਭਾੜਾ—46
ਭੀਲਣੀ—24
ਭੁਚਾਲ—40
ਭੂਆ—70
ਭੂੰਡ—103
ਭੂਰਾ—25
ਭੇਤ—82
ਭੇਤੀ—82
ਭੇਲੀ—158
ਭੋਥਾ ਚਾਦਰਾ—96
ਭੌਰ—34, 54
ਭੱਖੜਾ—43
ਭੱਠੀ—40, 66

ਮ

ਮਸੀਤ—25, 27
ਮਹਿੰਦੀ—119
ਮਹਿਰਮ—153
ਮਖਿਆਲ—29
ਮਤੇਈ—153
ਮਦਰਸਾ—109
ਮਰਾਸਣ—93
ਮਲਮਲ—36, 41, 71, 149, 155
ਮਲਾਹਜ਼ੇਦਾਰ—76
ਮਲਾਈ—65, 112
ਮਾਹੀ—81
ਮਾਈ—24
ਮਾਂਗ—86
ਮਾਪੇ—63, 152
ਮਾਮਲਾ—40
ਮਾਲ਼ਾ—29, 34, 68
ਮਾਲਵਾ—31
ਮਾਵਾ—60
ਮਿਹਣੋ-ਮਹਿਣੀ—70
ਮਿਸ਼ਰੀ—29, 60, 61, 75
ਮਿੱਤਰ—32, 33, 40, 41, 44, 46, 64, 69, 70, 71, 75, 78, 79, 80, 81, 83, 84, 86, 87, 88, 92, 96, 99, 122, 153, 158, 162, 163
ਮਿਰਗ—141

ਮੁਸ਼ਕੀ—62
ਮੁਕਲਾਵਾ—33, 36, 39, 73, 88, 92, 103, 118, 119, 126, 128, 152
ਮੁਹਾਰ—46, 48
ਮੁਕਤਸਰ—82, 89
ਮੁਖੜਾ—62
ਮੁੰਜ-ਕੁਟਣਾ—119
ਮੁੱਛਾਂ—157
ਮੁਨਸ਼ੀ—107
ਮੁਰੱਬਾ—85
ਮੁਲਾਣਾ—26
ਮੁੜੰਗਾ—156
ਮੂੰਗਰੇ—43
ਮੇਖਾਂ—95, 154
ਮੇਮ—109, 156
ਮੇਲ਼—159
ਮੇਲਾ—62
ਮੇਘਲਾ—54
ਮੈਲ—25
ਮੋਚੀ—96
ਮੋਚਨਾ—137
ਮੋਛਾ—79
ਮੋਤੀ—26, 31, 96
ਮੋਰ—42, 54
ਮੋਰਨੀ—65, 89, 128, 137, 159
ਮੋਣ—75
ਮੱਸਿਆ—85
ਮੱਕਾ—23
ਮੱਲ—47, 79
ਮੱਕੀ—43, 44, 138, 139, 148, 167
ਮਛਲੀ—91, 94
ਮੱਝ—50, 51, 113, 115
ਮੰਜੀ—134, 145
ਮੰਦਰ—26, 61, 77, 106

ਯ

ਯਾਰ—31, 34, 38, 42, 43, 45, 46, 52, 59, 60, 67, 68, 69, 72, 73, 76, 77, 78, 79, 82, 83, 84, 85, 144, 151, 154, 163, 164
ਯਾਰੀ—40, 43, 66, 67, 70, 72, 75, 76, 149
ਯੁੱਧ—24

ਰ

ਰੜਕ—63
ਰਮਜ਼—68
ਰਾਹੀ—25, 27
ਰਾਖ—25
ਰਾਮ—24
ਰਾਜਾ ਰਘੂ—28
ਰਿੱਛ—104
ਰੀਠੜਾ—120
ਰੁੱਖੀ-ਮਿੱਸੀ—113
ਰੁੱਗ—81
ਰੁਮਾਲ—42, 69, 111, 112
ਰੂਪ—61, 65, 104, 120
ਰੋਗ—27
ਰੇਬ ਪਜਾਮਾ—88
ਰੇਲ—60, 79, 160
ਰੋਹੀ—34, 104
ਰੋਪਣਾ—35
ਰੱਤੀ—63, 85

ਰੱਸਾ—70
ਰੰਡੀ—73, 79, 138, 140, 162
ਰੰਨ—33, 46, 50, 61, 62, 63, 64, 79, 140, 141, 152, 164

ਲ


ਲਗਰ—35, 48, 112
ਲਛਮਣ—24
ਲਟੈਣ—72
ਲਲਾਰੀ—89
ਲਾਗੀ—27
ਲਾਪ—79, 80, 81
ਲਾਰਾ ਲੱਪਾ—50
ਲਾਲ—23
ਲਹਿੰਗਾ—71
ਲੇਖ—71
ਲੋਈ—149
ਲੋਕਰਾਜ—146
ਲੋਗੜੀ—93, 125, 166
ਲੋਟਣ—99
ਲੋਕਟ—99
ਲੌਂਗ—97, 98, 143, 148
ਲੱਸੀ—68, 139, 142, 167
ਲੱਡੂ—33, 39, 41, 43, 59, 60, 62, 110, 143, 147

ਵ

ਵਕੀਲ—45, 160
ਵਰ—102, 105, 106
ਵਾਹਿਗੁਰੂ—25, 29, 45
ਵਾਟਾਂ—112
ਵਾਲ਼—72
ਵਿਰਾਸਤ—10
ਵਿਹੜਾ—49
ਵਿਛੋੜਾ—78
ਵੀਰ—31, 35, 107, 108, 109, 124, 142, 168
ਵੇਲ—38
ਵੇਲਾ—28
ਵੈਦ—25, 27
ਵੈਲੀ—88
ਵੱਟ—41


*




















Forever Learning

ISBN 978-93-5068-576-1

9 789350 685761

www. unistarbooks.com ₹ 300/-